ਜੂਨ 2023, ਅੰਕ 2

# Magazine on Low External Input Sustainable Agriculture

LEISA INDIA

ਖਾਸ ਪੰਜਾਬੀ ਸੰਸਕਰਨ



# ਲੀਜ਼ਾ ਪੰਜਾਬੀ

ਜੂਨ 2023

ਲੀਜ਼ਾ ਇੰਡੀਆ ਦਾ 21ਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।


AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

***ਖੇਤੀ ਵਿਰਾਸਤ ਮਿਸ਼ਨ***
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** ਟੀ.ਐੱਮ. ਰਾਧਾ, ਏ. ਐੱਮ. ਈ. ਫਾਊਂਡੇਸ਼ਨ
***ਪ੍ਰਬੰਧਕ ਸੰਪਾਦਕ:*** ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਊਂਡੇਸ਼ਨ
***ਅਨੁਵਾਦ ਕੋਆਰਡੀਨੇਅਰ:*** ਬੀ.ਐੱਮ.ਸੰਜਨਾ, ਏ. ਐੱਮ. ਈ. ਫਾਊਂਡੇਸ਼ਨ
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਅਮਨਜੋਤ ਕੌਰ
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਊਂਡੇਸ਼ਨ
**ਲੇਆਉਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ
**ਛਪਾਈ:** ਜ਼ੈ ਆਫਸੈਟ ਪ੍ਰਿੰਟਰਜ਼, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਈਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)


ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।


**ਮਾਇਜ਼ੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ**
**ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**


## ਪਿਆਰੇ ਪਾਠਕੋ

ਏ.ਐੱਮ.ਈ. ਫਾਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ 21ਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ - ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਣਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

ਲੀਜ਼ਾ ਇੰਡੀਆ ਟੀਮ
ਜੂਨ-2023

*ਲੀਜ਼ਾ* ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ.ਐੱਮ.ਈ.ਫਾਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜ਼ੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ.ਐੱਮ.ਈ. ਫਾਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜ਼ੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜ਼ੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜ਼ੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇੰਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜ਼ੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (www.misereor.de;misereor.org)

# ਇਸ ਅੰਕ ਵਿੱਚ



## ਸਿਹਤਮੰਦ ਜੀਵਨ ਲਈ ਸ਼ਹਿਰੀ ਖੇਤੀ



ਤੇਜ਼ੀ ਨਾਲ ਵਧਦੇ ਸ਼ਹਿਰੀਕਰਨ, ਉਦਯੋਗੀਕਰਨ, ਜ਼ਮੀਨ ਦੀ ਹੱਦਬੰਦੀ, ਬਹੁ-ਮੰਜ਼ਿਲੀ ਇਮਾਰਤਾਂ ਦੇ ਨਿਰਮਾਣ, ਚੌੜੀਆਂ ਸੜਕਾਂ, ਦਫ਼ਤਰ, ਬਾਜਾਰਾਂ ਆਦਿ ਦੇ ਕਾਰਨ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਬਾਗਬਾਨੀ ਲਈ ਜ਼ਮੀਨ ਦੀ ਘਾਟ ਹੋ ਗਈ ਹੈ। ਸ਼ਹਿਰਾਂ ਵਿੱਚ ਲਗਾਤਾਰ ਵਧਦੀ ਆਬਾਦੀ ਅਤੇ ਵਧਦੇ ਵਾਹਨਾਂ ਕਾਰਨ ਸ਼ਹਿਰਾਂ ਵਿੱਚ ਪ੍ਰਦੂਸ਼ਣ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਇੱਕਸਾਰਤਾ ਨੂੰ ਤੋੜਨ ਅਤੇ ਥੱਕੇ ਹੋਏ ਮਨ ਨੂੰ ਆਰਾਮ ਦੇਣ ਦੀ ਇਸ ਸਮੇਂ ਡਾਹਢੀ ਲੋੜ ਹੈ। ਛੱਤ ਉੱਪਰ ਬਗੀਚੀ ਲਗਾਉਣਾ ਸ਼ਹਿਰੀ ਲੋਕਾਂ ਲਈ ਇੱਕ ਕਿਫਾਇਤੀ ਵਿਕਲਪ ਹੈ ਜਿਸਦੇ ਬਹੁਤ ਸਾਰੇ ਲਾਭ ਹਨ।

ਪੇਜ ਨੰ: 5

## ਸ਼ਹਿਰੀ ਖੇਤੀ ਲਈ ਗਿਆਨ ਪ੍ਰਬੰਧਨ

### *ਸਿੱਖੇ ਸਬਕਾਂ ਦਾ ਲਾਭ ਉਠਾਉਣਾ*

ਸਿਹਤ ਪ੍ਰਤਿ ਜਾਗਰੂਕ ਸ਼ਹਿਰੀ ਲੋਕ ਹੁਣ ਆਪਣਾ ਭੋਜਨ ਖੁਦ ਉਗਾਉਣ ਵੱਲ ਵਧ ਰਹੇ ਹਨ। ਇੱਕ ਸ਼ੌਕ ਵਜੋਂ ਸ਼ੁਰੂ ਹੋਈ ਸ਼ਹਿਰੀ ਖੇਤੀ ਹੁਣ ਭੋਜਨ ਸੁਰੱਖਿਆ, ਸ਼ਰੀਰਕ ਅਤੇ ਮਾਨਸਿਕ ਸਿਹਤ ਜਿਹੇ ਮੁੱਦਿਆਂ ਨੂੰ ਸੰਬੋਧਿਤ ਕਰਦਿਆਂ ਇੱਕ ਲੋੜ ਵਜੋਂ ਵਿਕਸਿਤ ਹੋ ਰਹੀ ਹੈ। ਇਹ ਸਭ ਦੇ ਲਈ ਵਿਭਿੰਨ ਅਤੇ ਉੱਭਰ ਰਹੇ ਮੀਡੀਆ ਦੇ ਰਾਹੀ ਜਾਣਕਾਰੀ ਤੱਕ ਬਿਹਤਰ ਪਹੁੰਚ ਅਤੇ ਗਿਆਨ ਦੇ ਆਦਾਨ -ਪ੍ਰਦਾਨ ਦੀ ਜਰੂਰਤ ਹੈ।

ਪੇਜ ਨੰ: 10





## ਘਰ ਦੀ ਫਸਲ

### *ਇੱਕ ਸਿੱਖਿਅਕ ਅਦਾਰੇ ਵਿੱਚ ਖਾਧ ਸੁਰੱਖਿਆ ਲਿਆਉਣਾ*

ਸ਼ਹਿਰੀ ਥਾਵਾਂ ਨੂੰ ਨਵੀਨ ਢੰਗਾਂ ਨਾਲ ਭੋਜਨ ਉਤਪਾਦਨ ਲਈ ਵਰਤਿਆ ਜਾ ਸਕਦਾ ਹੈ। ਇਹ ਸ਼ਹਿਰ ਵਾਸੀਆਂ ਨੂੰ ਭੋਜਨ ਪ੍ਰਣਾਲੀ ਅਤੇ ਜ਼ਮੀਨ ਨਾਲ ਆਪਣੇ ਸੰਬੰਧਾਂ 'ਤੇ ਮੁੜ ਵਿਚਾਰ ਕਰਨ ਵਿੱਚ ਮੱਦਦ ਕਰ ਸਕਦਾ ਹੈ। ਸਿੱਖਿਅਕ ਅਦਾਰੇ ਖਾਧ ਸੁਰੱਖਿਆ ਨੂੰ ਪਾਠਕ੍ਰਮ ਦੇ ਨਾਲ-ਨਾਲ ਆਊਟਰੀਚ ਗਤੀਵਿਧੀਆਂ ਦਾ ਅਟੁੱਟ ਅੰਗ ਬਣਾਉਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦੇ ਹਨ। ਆਈ ਆਈ ਟੀ ਗਾਂਧੀਨਗਰ ਜੈਵਿਕ ਖੇਤ ਸ਼ਹਿਰੀ ਅਤੇ ਪੇਰੀ-ਸ਼ਹਿਰੀ ਸਥਾਨਾਂ ਵਿੱਚ ਸਮੁਦਾਇ ਸੰਚਾਲਿਤ ਅਤੇ ਸਥਾਨਕ ਸਹਿਯੋਗ ਪ੍ਰਾਪਤ ਖੇਤੀ ਦੀਆਂ ਸੰਭਾਵਨਾਵਾਂ ਦਾ ਇੱਕ ਪ੍ਰਮਾਣ ਹੈ।

ਪੇਜ ਨੰ: 15

# ਸੰਪਾਦਕੀ

ਖੇਤੀ ਸਿਰਫ ਇੱਕ ਧੰਦਾ ਨਹੀਂ ਹੈ ਬਲਕਿ ਇੱਕ ਜੀਵਨ ਜਾਂਚ ਹੈ। ਪੇਂਡੂ ਹੋਵੇ ਜਾਂ ਫਿਰ ਸ਼ਹਿਰੀ ਖੇਤੀ ਹਰ ਇੱਕ ਦੇ ਜੀਵਨ ਉੱਪਰ ਪ੍ਰਭਾਵ ਪਾਉਂਦੀ ਹੈ। ਤੁਸੀ ਕਈ ਜਗ੍ਹਾ ਦੇਖਿਆ ਜਾਂ ਸੁਣਿਆ ਹੋਵੇਗਾ ਕਿ ਮਨੋਵਿਗਿਆਨੀ ਲੋਕਾਂ ਨੂੰ ਤਣਾਅ ਤੋਂ ਮੁਕਤ ਹੋਣ ਲਈ ਬਾਗਬਾਨੀ ਕਰਨ ਦੀ ਸਲਾਹ ਦਿੰਦੇ ਹਨ। ਜੋ ਲੋਕ ਇਕੱਲੇ ਰਹਿੰਦੇ ਹਨ, ਓਹਨਾਂ ਨੂੰ ਵੀ ਅਕਸਰ ਇਸ ਤਰ੍ਹਾ ਦੀ ਸਲਾਹ ਦਿੱਤੀ ਜਾਂਦੀ ਹੈ।

ਇਸੇ ਤਰ੍ਹਾਂ ਸ਼ਹਿਰਾਂ ਵਿੱਚ ਖੇਤੀ ਕਰਨਾ ਇੱਕ ਪੰਥ ਦੋ ਕਾਜ ਵਾਲੀ ਗੱਲ ਹੈ। ਇੱਕ ਪਾਸੇ ਤਾਂ ਲੋਕ ਖੇਤੀ ਨਾਲ ਜੁੜ ਕੇ ਜ਼ਮੀਨ ਨਾਲ ਜੁੜਾਅ ਮਹਿਸੂਸ ਕਰਦੇ ਹਨ, ਉੱਥੇ ਹੀ ਦੂਸਰੇ ਪਾਸੇ ਉਹਨਾਂ ਨੂੰ ਸ਼ੁੱਧ ਅਤੇ ਤਾਜ਼ਾ ਫਲ-ਸਬਜ਼ੀਆਂ ਉਪਲਬਧ ਹੁੰਦੇ ਹਨ।

ਸੰਤੁਸ਼ਟੀ ਦੀ ਗੱਲ ਇਹ ਹੈ ਕਿ ਹੁਣ ਲੋਕਾਂ ਦੇ ਨਾਲ-ਨਾਲ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਵੀ ਜਿੰਨਾਂ ਹੋ ਸਕੇ, ਵਿਭਿੰਨ ਸਕੀਮਾਂ ਅਤੇ ਪ੍ਰੋਗਰਾਮਾਂ ਤਹਿਤ ਸ਼ਹਿਰੀ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਵਿੱਚ ਲੱਗੀਆਂ ਹੋਈਆਂ ਹਨ।

ਸੋਸ਼ਲ ਮੀਡੀਆ ਨੇ ਇਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਜਿੱਥੋਂ ਲੋਕੀਂ ਆਪਣੇ ਜਿਹੇ ਹੋਰ ਲੋਕਾਂ ਨੂੰ ਖੇਤੀ ਕਰਦਿਆਂ ਦੇਖਦੇ ਹਨ ਅਤੇ ਪ੍ਰਭਾਵਿਤ ਹੋ ਕੇ ਖੁਦ ਵੀ ਅਜਿਹਾ ਕੁੱਝ ਉੱਦਮ ਕਰਨ ਦੀ ਪਹਿਲ ਕਰਦੇ ਹਨ।

ਇਸ ਪਹਿਲ ਦੀ ਸਭ ਤੋਂ ਵਧੀਆ ਗੱਲ ਇਹ ਹੈ ਕਿ ਇਹ ਸ਼ਹਿਰ ਦੀ ਨੌਜਵਾਨ ਪੀੜ੍ਹੀ ਨੂੰ ਵੀ ਮਿੱਟੀ ਨਾਲ ਜੁੜਨ ਦਾ ਮੌਕਾ ਦਿੰਦੀ ਹੈ ਅਤੇ ਉਹਨਾਂ ਨੂੰ ਇਹ ਜਾਣਨ ਦਾ ਮੌਕਾ ਦਿੰਦੀ ਹੈ ਕਿ ਜੋ ਭੋਜਨ ਉਹਨਾਂ ਦੀ ਥਾਲੀ ਵਿੱਚ ਪਰੋਸਿਆ ਜਾਂਦਾ ਹੈ, ਉਹ ਕਿਸੇ ਸਟੋਰ ਵਿੱਚ ਨਹੀਂ ਬਲਕਿ ਮਿੱਟੀ ਵਿੱਚ ਉਗਾਇਆ ਜਾਂਦਾ ਹੈ ਅਤੇ ਕਿੰਨੀ ਮਿਹਨਤ ਨਾਲ ਉਗਾਇਆ ਜਾਂਦਾ ਹੈ।

ਲੀਸਾ ਇੰਡੀਆ ਦੇ ਪਿਛਲੇ ਅੰਕ ਵਿੱਚ ਅਸੀਂ ਤੁਹਾਡੇ ਸਾਹਮਣੇ ਅਜਿਹੇ ਮਾਡਲਾਂ ਨੂੰ ਲਿਆਂਦਾ ਸੀ ਜੋ ਸ਼ਹਿਰ ਵਿੱਚ ਜੋ ਵੀ ਉਪਲਬਧ ਜਗ੍ਹਾ ਹੈ, ਉਸ ਉੱਪਰ ਸਬਜ਼ੀਆਂ ਉਗਾ ਰਹੇ ਹਨ। ਇਸ ਅੰਕ ਵਿੱਚ ਵੀ ਅਸੀਂ ਉਸੇ ਲੜੀ ਨੂੰ ਅੱਗੇ ਤੋਰਦਿਆਂ ਕੁੱਝ ਮਾਡਲਾਂ ਬਾਰੇ ਤੁਹਾਡੇ ਨਾਲ ਸਾਂਝਾ ਕੀਤਾ ਹੈ। ਉਮੀਦ ਹੈ ਤੁਹਾਨੂੰ ਇਹ ਅੰਕ ਪਸੰਦ ਆਵੇਗਾ।

– ਧੰਨਵਾਦ



# ਸਿਹਤਮੰਦ ਜੀਵਨ ਲਈ ਸ਼ਹਿਰੀ ਖੇਤੀ

*ਰੁੰਦਨ ਵੀ*

ਤੇਜ਼ੀ ਨਾਲ ਵਧਦੇ ਸ਼ਹਿਰੀਕਰਨ, ਉਦਯੋਗੀਕਰਨ, ਜ਼ਮੀਨ ਦੀ ਹਦਬੰਦੀ, ਬਹੁ-ਮੰਜ਼ਿਲੀ ਇਮਾਰਤਾਂ ਦੇ ਨਿਰਮਾਣ, ਚੌੜੀਆਂ ਸੜਕਾਂ, ਦਫ਼ਤਰ, ਬਾਜਾਰਾਂ ਆਦਿ ਦੇ ਕਾਰਨ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਬਾਗਬਾਨੀ ਲਈ ਜ਼ਮੀਨ ਦੀ ਘਾਟ ਹੋ ਗਈ ਹੈ। ਸ਼ਹਿਰਾਂ ਵਿੱਚ ਲਗਾਤਾਰ ਵਧਦੀ ਆਬਾਦੀ ਅਤੇ ਵਧਦੇ ਵਾਹਨਾਂ ਕਾਰਨ ਸ਼ਹਿਰਾਂ ਵਿੱਚ ਪ੍ਰਦੂਸ਼ਣ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਇੱਕਸਾਰਤਾ ਨੂੰ ਤੋੜਨ ਅਤੇ ਥੱਕੇ ਹੋਏ ਮਨ ਨੂੰ ਆਰਾਮ ਦੇਣ ਦੀ ਇਸ ਸਮੇਂ ਡਾਹਢੀ ਲੋੜ ਹੈ। ਛੱਤ ਉੱਪਰ ਬਗੀਚੀ ਲਗਾਉਣਾ ਸ਼ਹਿਰੀ ਲੋਕਾਂ ਲਈ ਇੱਕ ਕਿਫਾਇਤੀ ਵਿਕਲਪ ਹੈ ਜਿਸਦੇ ਬਹੁਤ ਸਾਰੇ ਲਾਭ ਹਨ।

ਸਿਹਤਮੰਦ ਖਾਣਾ ਉਗਾਉਣ ਲਈ ਬਾਗਬਾਨੀ ਸਦੀਆਂ ਪੁਰਾਣੀ ਪ੍ਰਥਾ ਹੈ। ਘਰ ਦੇ ਪਿਛਵਾੜੇ ਵਿੱਚ ਬਾਗਬਾਨੀ ਕਰਨ ਨਾਲ ਘਰ ਦੀ ਰੋਜ਼ਾਨਾ ਵਰਤੋਂ ਲਈ ਸਿਹਤਮੰਦ ਅਤੇ ਜ਼ਹਿਰ ਮੁਕਤ ਸਬਜੀਆਂ ਉਗਾਈਆਂ ਜਾ ਸਕਦੀਆਂ ਹਨ। ਪ੍ਰੰਤੂ ਸ਼ਹਿਰੀ ਇਲਾਕਿਆਂ ਵਿੱਚ ਜਿੱਥੇ ਜ਼ਮੀਨ ਦੀ ਉਪਲਬਤਾ ਘੱਟ ਹੈ, ਉੱਥੇ ਇੱਕ ਬਗੀਚੀ ਲਗਾਉਣਾ ਅਸੰਭਵ ਹੈ। ਹਾਲਾਂਕਿ ਘਰ ਦੀਆਂ ਛੱਤਾਂ ਨੂੰ ਸਬਜੀਆਂ ਉਗਾਉਣ ਲਈ ਵਰਤਿਆ ਜਾ ਸਕਦਾ ਹੈ।

**ਰਸੋਈ ਦੇ ਕਚਰੇ ਦਾ ਕੁਸ਼ਲਤਾ ਨਾਲ ਪ੍ਰਬੰਧਨ ਜੈਵਿਕ ਘਰੇਲੂ ਬਗੀਚੀ ਉਗਾਉਣ ਦੇ ਕਈ ਫਾਇਦਿਆਂ ਵਿੱਚੋਂ ਇੱਕ ਹੈ।**

*ਵਿਭਿੰਨ ਪ੍ਰਕਾਰ ਦੀਆਂ ਸਬਜੀਆਂ ਨਾਲ ਭਰਪੂਰ ਛੱਤ ਉੱਪਰ ਬਗੀਚੀ*



ਜੂਨ 2020 ਦੇ ਲਾਕਡੌਨ ਦੌਰਾਨ ਛੱਤ ਉੱਪਰ ਬਗੀਚੀ ਦੇ ਵਿਚਾਰ ਨੇ ਜਨਮ ਲਿਆ। ਇੱਕ ਖੇਤੀਬਾੜੀ ਗ੍ਰੈਜੂਏਟ ਹੋਣ ਕਰਕੇ ਫ਼ਸਲਾਂ ਉਗਾਉਣ ਲਈ ਜਨੂੰਨ ਕਰਕੇ ਮੈ ਲਾਕਡੌਨ ਦੇ ਸਮੇਂ ਦੌਰਾਨ ਮੈਂ ਆਪਣੀ ਛੱਤ ਉੱਪਰ ਬਗੀਚੀ ਉਗਾਉਣ ਦਾ ਫੈਸਲਾ ਕੀਤਾ। ਮੈਂ ਆਪਣੀ ਛੱਤ ਨੂੰ ਸਬਜੀਆਂ ਉਗਾਉਣ ਲਈ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਜਿੱਥੇ ਸ਼ੁਰੂ ਵਿੱਚ ਥੋੜ੍ਹੀ ਜਗ੍ਹਾਂ ਉੱਪਰ ਸਬਜੀਆਂ ਉਗਾਈਆਂ ਅਤੇ ਹੌਲੀ-ਹੌਲੀ ਜਗ੍ਹਾ ਨੂੰ ਵਧਾ ਦਿੱਤਾ।

**ਛੱਤ ਉਪਰ ਬਗੀਚੀ ਸ਼ੁਰੂ ਕਰਨੀ :** ਛੱਤ ਉੱਪਰ ਬਗੀਚੀ ਸ਼ੁਰੂ ਕਰਨ ਲਈ ਅਸੀਂ ਕੁੱਝ ਗੱਲਾਂ ਦਾ ਧਿਆਨ ਰੱਖਿਆ ਜਿਵੇਂ ਕਿੰਨੀ ਜਗ੍ਹਾਂ ਉਪਲਬਧ ਹੈ, ਕਿਸ ਤਰ੍ਹਾਂ ਦੇ ਕੰਟੇਨਰ ਵਰਤੇ ਜਾਣ, ਕਿਹੜੇ ਪੌਦੇ ਲਗਾਏ ਜਾਣਗੇ, ਪਾਣੀ ਦੀ ਕਿੰਨੀ ਉਪਲਬਧਤਾ ਰਹੇਗੀ ਆਦਿ। ਸਭ ਤੋਂ ਪਹਿਲਾ ਉਪਲਬਧ ਜਗ੍ਹਾ ਬਾਰੇ ਸਪੱਸ਼ਟਤਾ ਜਰੂਰੀ ਸੀ ਕਿਉਂਕਿ ਉਸਦੇ ਅਨੁਸਾਰ ਹੀ ਅਸੀਂ ਆਪਣੇ ਗਮਲਿਆਂ ਦੀ

ਗਿਣਤੀ ਤੈਅ ਕਰ ਸਕਦੇ ਸਾਂ ਅਤੇ ਇੱਕ ਗਮਲਾ ਜਾਂ ਕੰਟੇਨਰ ਕਿੰਨੀ ਜਗ੍ਹਾਂ ਘੇਰਨ ਵਾਲਾ ਸੀ। ਜਗ੍ਹਾ ਇਸ ਤਰ੍ਹਾ ਨਿਸ਼ਚਿਤ ਕੀਤੀ ਗਈ ਕਿ ਸਾਰੇ ਪੌਦਿਆਂ ਨੂੰ ਉਚਿਤ ਸੂਰਜ ਦੀ ਰੌਸ਼ਨੀ ਅਤੇ ਪਾਣੀ ਦੀ ਉਪਲਬਧਤਾ ਹੋ ਸਕੇ।

ਇਸ ਤੋਂ ਬਾਅਦ ਅਸੀਂ ਇਸ ਉੱਪਰ ਕੰਮ ਕੀਤਾ ਕਿ ਪੌਦੇ ਉਗਾਉਣ ਲਈ ਸਾਨੂੰ ਕਿਸ ਤਰ੍ਹਾ ਦੇ ਕੰਟੇਨਰਾਂ ਦੀ ਜਰੂਰਤ ਹੋਵੇਗੀ। ਬਾਜਾਰ ਵਿੱਚ ਛੱਤ ਉੱਪਰ ਬਗੀਚੀ ਲਗਾਉਣ ਲਈ ਕਈ ਤਰ੍ਹਾਂ ਦੇ ਕੰਟੇਨਰ ਮਿਲਦੇ ਹਨ ਪਰ ਇਹਨਾਂ ਦੀ ਚੋਣ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਤੁਸੀ ਕਿਸਾ ਤਰ੍ਹਾਂ ਦੀ ਸਬਜੀ ਉਗਾਉਣੀ ਹੈ। ਅਸੀਂ ਯੂਵੀ ਸਥਿਰ ਐਲਡੀਪੀਈ ਗ੍ਰੋ ਬੈਗਾਂ ਦੀ ਚੋਣ ਕੀਤੀ ਜੋ 24 ਸੈਂਮੀ. *24 ਸੈਮੀ. *30 ਸੈਮੀ. (ਲੰਬਾਈ*ਚੌੜਾਈ*ਉਚਾਈ) ਅਤੇ 150 ਮਾਈਕ੍ਰੋਨ ਦੀ ਮੋਟਾਈ ਅਤੇ 600 ਗੇਜ ਦੇ ਸਨ। ਇਹ ਸਾਇਜ਼ ਜਿਆਦਾਤਰ ਸਬਜੀਆਂ ਦੇ ਲਈ ਢੁੱਕਵਾਂ ਸੀ ਅਤੇ 18 ਕਿਲੋ ਤੱਕ ਦੇ ਖਾਦ ਮਿਸ਼ਰਣ ਨੂੰ ਸੰਭਾਲ ਸਕਦੇ ਸਨ। ਇਹ 4-5 ਸਾਲ ਤੱਕ ਚੱਲਦੇ ਹਨ ਅਤੇ ਬਜਟ ਵਿੱਚ ਵੀ ਹਨ।

ਕੰਟੇਨਰਾਂ ਨੂੰ 1:1:1 ਦੇ ਅਨੁਪਾਤ ਅਨੁਸਾਰ ਮਿੱਟੀ, ਕੋਕੋ ਪੀਟ ਅਤੇ ਕੰਪੋਸਟ ਨਾਲ ਭਰਿਆ ਗਿਆ ਤਾਂਕਿ ਪੌਦਿਆਂ ਨੂੰ ਜਰੂਰੀ ਪੋਸ਼ਕ ਤੱਤ ਮਿਲ ਸਕਣ। ਇਸਦੇ ਨਾਲ ਹੀ 100 ਕਿਲੋ ਮਿਸ਼ਰਣ ਪਿੱਛੇ 1 ਕਿਲੋ ਦੇ ਹਿਸਾਬ ਨਾਲ ਟ੍ਰਾਈਕੋਡਰਮਾ ਵੀ ਮਿਲਾਇਆ ਗਿਆ ਤਾਂਕਿ ਮਿੱਟੀ ਵਿੱਚ ਪੈਦਾ ਹੋਣ ਵਾਲੇ ਰੋਗਾਂ ਨੂੰ ਕੰਟਰੋਲ ਕੀਤਾ ਜਾ ਸਕੇ।ਇਹ ਮਿਸ਼ਰਣ ਬੈਗ ਦੇ 2/3 ਹਿੱਸੇ ਵਿੱਚ ਭਰਿਆ ਗਿਆ।

ਬਿਜਾਈ ਸਮੇਂ ਵਿਸਤ੍ਰਿਤ ਯੋਜਨਾ ਬਣਾਈ ਗਈ ਤਾਂਕਿ ਘਰੇਲੂ ਵਰਤੋਂ ਲਈ ਵਿਭਿੰਨ ਪ੍ਰਕਾਰ ਦੀਆਂ ਸਬਜੀਆਂ ਦੀ ਨਿਯਮਿਤ ਪੂਰਤੀ ਹੁੰਦੀ ਰਹੇ। ਸਬਜੀਆਂ ਦੀ ਚੋਣ ਚੱਲ ਰਹੇ ਮੌਸਮ ਅਨੁਸਾਰ ਕੀਤੀ ਗਈ ਤਾਂਕਿ ਵਧੀਆ ਉਤਪਾਦਨ ਮਿਲ ਸਕੇ। ਇਸਦੇ ਨਾਲ ਹੀ ਇਹ ਸਬਜੀਆਂ ਦੀ ਜਲਦੀ ਵਧਣ ਦੀ ਸਮਰੱਥਾ ਊੱਪਰ ਆਧਾਂਰਿਤ ਸੀ ਤਾਂਕਿ ਜਲਦੀ ਕਟਾਈ ਕੀਤੀ ਜਾ ਸਕੇ। ਬੀਜ ਪ੍ਰਮਾਣਿਤ ਕੰਪਨੀਆਂ ਅਤੇ ਸਰਕਾਰੀ ਸੰਸਥਾਵਾਂ ਜਿਵੇਂ ਆਈਆਈਐਚਆਰ ਆਦਿ ਤੋਂ ਲਏ ਗਏ ਕਿਉਂਕਿ ਉਹ ਵਧੀਆ ਗੁਣਵੱਤਾ ਵਾਲੇ ਬੀਜ ਉਪਲਬਧ ਕਰਵਾਉਂਦੇ ਹਨ ਅਤੇ ਜਿੰਨਾਂ ਦਾ ਝਾੜ ਵੀ ਵਧੀਆ ਹੈ।

60 ਬੈਗਾਂ ਵਿੱਚ ਵਿਭਿੰਨ ਪ੍ਰਕਾਰ ਦੀਆਂ ਸਬਜੀਆਂ ਉਗਾਈਆਂ ਗਈਆਂ। 4 ਤੋਂ 5 ਮੈਂਬਰਾਂ ਵਾਲੇ ਛੋਟੇ ਪਰਿਵਾਰ ਲਈ 50 ਤੋਂ 60 ਬੈਗ ਬਹੁਤ ਹਨ। ਵੇਲ ਵਾਲੀਆਂ ਸਬਜੀਆਂ ਜਿਵੇਂ ਫਲੀਆਂ, ਕੱਦੂ-ਤੋਰੀ ਕੋਨੇ ਵਿੱਚ ਲਗਾਈਆਂ ਗਈਆਂ ਤਾਂਕਿ ਉਹਨਾਂ ਨੂੰ ਵਾੜ ਦਾ ਸਹਾਰਾ ਮਿਲ ਸਕੇ। ਬਾਕੀ ਬੈਗਾਂ ਨੂੰ ਉਹਨਾਂ ਦੀ ਸੂਰਜ ਦੀ ਰੌਸ਼ਨੀ ਦੀ ਜਰੂਰਤ (ਪੂਰੀ ਰੌਸ਼ਨੀ, ਮੱਧਮ ਰੌਸ਼ਨੀ ਅਤੇ ਠੰਡੀ ਜਗ੍ਹਾ)ਦੇ ਹਿਸਾਬ ਨਾਲ ਰੱਖਿਆ ਗਿਆ ਫਲੀਦਾਰ ਸਬਜੀਆਂ ਜਿਵੇਂ ਫਲੀਆਂ, ਮੇਥੀ, ਮਟਰ ਆਦਿ ਨੂੰ ਸ਼ਾਮਿਲ ਕੀਤਾ ਗਿਆ ਤਾਂਕਿ ਇਹ ਸਬਜੀਆਂ ਪ੍ਰਦਾਨ ਕਰਨ ਦੇ ਨਾਲ-ਨਾਲ ਨਾਈਟ੍ਰੋਜਨ ਦੀ ਜਰੂਰਤ ਨੂੰ ਵੀ ਪੂਰਾ ਕਰਨ।

**ਬਾਕਸ 1 : ਵਿਭਿੰਨ ਮੌਸਮਾਂ ਲਈ ਸਬਜੀਆਂ ਦੀ ਸੂਚੀ**

| ਮੌਸਮ | ਸਬਜੀਆਂ |
|---|---|
| ਖਰੀਫ਼ (ਜੂਨ -ਅਕਤੂਬਰ) | ਬੈਂਗਣ, ਟਮਾਟਰ, ਮਿਰਚ, ਭਿੰਡੀ, ਗਵਾਰ ਫਲੀ ਮੇਥੀ, ਚੌਲਾਈ, ਸੇਮ ਫਲੀ ਅਤੇ ਹੋਰ ਫਲੀਆਂ |
| ਰਬੀ (ਅਕਤੂਬਰ - ਮਾਰਚ) | ਮੂਲੀ, ਗਾਜਰ, ਪਾਲਕ, ਸੋਆ, ਧਨੀਆ, ਗੰਢ ਗੋਭੀ, ਆਲੂ, ਪਿਆਜ਼, ਬੰਦ ਗੋਭੀ, ਫੁੱਲ ਗੋਭੀ, ਚੁਕੰਦਰ, ਮਟਰ, ਬ੍ਰੋਕਲੀ |
| ਗਰਮੀ | ਕੱਦੂ, ਤੋਰੀ, ਕਰੇਲਾ, ਖੀਰਾ, ਖਰਬੂਜਾ, ਟਮਾਟਰ, ਫਰੈਂਚ ਫਲੀ |



***ਛੱਦ ਦੀ ਬਗੀਚੀ ਉੱਪਰ ਉਗਾਈਆਂ ਸਬਜੀਆਂ ਤਾਜ਼ੀਆਂ, ਪੋਸ਼ਣ ਭਰਪੂਰ ਅਤੇ ਸਵਾਦ ਹੁੰਦੀਆਂ ਹਨ।***

**ਟੇਬਲ 1: ਪਹਿਲੇ ਸਾਲ ਵਿੱਚ ਛੱਤ ਉੱਤੇ ਲਾਈ ਹੋਈ ਘਰੇਲੂ ਬਗੀਚੀ ਵਿੱਚ ਬਿਜਾਈ ਦੀ ਕੁੱਲ ਲਾਗਤ ਅਤੇ ਕੁੱਲ ਆਮਦਨ (1ਜੂਨ 2020 ਤੋਂ 31 ਮਈ 2021 ਤੱਕ)**

| ਲਾਗਤ | | | ਆਮਦਨ | | |
|---|---|---|---|---|---|
| ਵਿਵਰਨ | ਕੀਮਤ | ਮਾਤਰਾ | ਪੈਦਾਵਾਰ (ਕਿ.ਗ੍ਰਾਮ) | ਕੀਮਤ | ਆਮਦਨ |
| ਪੋਲੀਬੈਂਗ | 1500/- | 60 | - | - | |
| ਖਾਦ | 750/- | 300 | - | - | |
| ਟਾਈ | 100/- | 1 | - | - | |
| ਹੱਥੀ ਪੰਪ | 200/- | 1 | - | - | |
| ਜੈਵਿਕ ਖਾਦ | 200/- | 2 | - | - | |
| ਲਾਲ ਮਿੱਟੀ | 500/- | 300 | - | - | |
| ਕੋਕੋਪਿੱਟ | 900/- | 300 | - | - | |
| ਸਿੰਚਾਈ | 800/- | 2 ਆਦਮੀ | - | - | |
| ਗੁਡਾਈ | 800/- | 2 ਆਦਮੀ | - | - | |
| **ਸਾਰੀਆਂ ਫਸਲਾਂ ਦੇ ਬੀਜ** | | | | | |
| 1. ਚੌਲੇ | 165/- | 300 ਗ੍ਰਾਮ | 30 ਕਿੱਲੋ | 60 | 1800/- |
| 2. ਧਨੀਆ | 30/- | 100 ਗ੍ਰਾਮ | 10 ਗੁੱਟੀ | 25 | 250/- |
| 3. ਪਾਲਕ | 100/- | 500 ਗ੍ਰਾਮ | 25 ਗੁੱਟੀ | 15 | 375/- |
| 4. ਚੋਲਾਈ | 150/- | 200 ਗ੍ਰਾਮ | 21 ਗੁੱਟੀ | 10 | 210/- |
| 5. ਰਾਜ ਗਿਰੀ | 70/- | 100 ਗ੍ਰਾਮ | 22 ਗੁੱਟੀ | 15 | 330/- |
| 6. ਮੇਥੀ | 60/- | 250 ਗ੍ਰਾਮ | 20 ਗੁੱਟੀ | 20 | 400/- |
| 7. ਟਮਾਟਰ | 260/- | 10 ਗ੍ਰਾਮ | 20 ਕਿੱਲੋ | 30 | 600/- |
| 8. ਪੂਦੀਨਾ | 10/- | 10 ਗੁੱਟੀ | 10 ਗੁੱਟੀ | 10 | 100/- |
| 9. ਭਿੰਡੀ | 48/- | 150 ਗ੍ਰਾਮ | 12 ਕਿੱਲੋ | 45 | 540/- |
| 10. ਡੋਲੀਹੋਸ | 20/- | 100 ਗ੍ਰਾਮ | 06 ਕਿੱਲੋ | 100 | 600/- |
| 11. ਪਿਆਜ਼ | 60/- | 25 ਗ੍ਰਾਮ | 05 ਕਿੱਲੋ | 50 | 250/- |
| 12. ਬੈਂਗਣ | 200/- | 25 ਗ੍ਰਾਮ | 15 ਕਿੱਲੋ | 40 | 600/- |
| 13. ਸਬਾਸਕੇ ਸੋਪੋ | 200/- | 200 ਗ੍ਰਾਮ | 10 ਗੁੱਟੀ | 15 | 150/- |
| 14. ਮੂਲੀ | 50/- | 50 ਗ੍ਰਾਮ | 20×20 | | 400/- |
| 15. ਗੰਡ ਗੋਬੀ | 50/- | 50 ਗ੍ਰਾਮ | 15×45 | | 675/- |
| 16. ਮਿਰਚ | 100/- | 25 ਗ੍ਰਾਮ | 30 ਕਿੱਲੋ×40 | | 1200/- |
| **ਕੁੱਲ** | **5223/-** | | | | **8480/-** |

**ਵਿਭਿੰਨ ਪ੍ਰਕਾਰ ਦੀਆਂ ਸਬਜੀਆਂ ਹੇਠ ਲਿਖੇ ਅਨੁਸਾਰ ਉਗਾਈਆਂ ਗਈਆਂ:-**

1) ਹਰੀਆਂ ਪੱਤੇਦਾਰ ਸਬਜੀਆਂ ਜਿਵੇਂ ਪਾਲਕ, ਚੌਲਾਈ, ਧਨੀਆ, ਸੋਆ, ਮੇਥੀ, ਪੁਦੀਨਾ, ਰਾਜਗਿਰੀ (ਮੌਸਮ ਅਨਸਾਰ) ਆਦਿ ਉਗਾਉਣ ਲਈ 15 ਬੈਗਾਂ ਦੀ ਵਰਤੋਂ ਕੀਤੀ ਗਈ।
2) ਭਿੰਡੀ, ਬੈਂਗਣ, ਟਮਾਟਰ, ਮਿਰਚਾਂ (ਹਰੇਕ ਲਈ 5 ਬੈਗ) ਆਦਿ ਉਗਾਉਣ ਲਈ 20 ਬੈਗ
3) ਵੇਲ ਵਾਲੀਆਂ ਫਲੀਆਂ ਅਤੇ ਫਰੈਂਚ ਫਲੀਆਂ ਲਈ 10 ਬੈਗ
4) ਸੇਮ ਫਲੀ (ਫੈਲਣ ਵਾਲੀ ਕਿਸਮ) ਲਈ 2 ਬੈਗ
5) ਮੂਲੀ ਅਤੇ ਗੰਢ ਗੋਭੀ ਲਈ 8 ਬੈਗ
6) ਪਿਆਜ਼ ਲਈ 5 ਬੈਗ

**ਫਸਲ ਦੀ ਦੇਖਭਾਲ :** ਹਰ ਘਰ ਜੈਵਿਕ ਕਚਰਾ ਪੈਦਾ ਕਰਦਾ ਹੈ ਜਿਵੇਂ ਰਸੋਈ ਦਾ ਕਚਰਾ, ਸੁੱਕੇ ਪੱਤੇ ਅਤੇ ਰਹਿੰਦ-ਖੂੰਹਦ। ਇਸ ਕਚਰੇ ਨੂੰ ਰੀਸਾਇਕਲ ਕੀਤ ਜਾ ਸਕਦਾ ਹੈ। ਇਸਨੂੰ ਕੰਪੋਸਟ ਤਿਆਰ ਕਰਨ ਵਾਲੇ ਕੀੜਿਆਂ ਦੇ ਭੋਜਨ ਦੇ ਤੌਰ ’ਤੇ ਵਰਤਿਆ ਜਾ ਸਕਦਾ ਹੈ। ਇਸਦੇ ਨਾਲ ਹੀ ਰਸੋਈ ਦਾ ਕਚਰਾ ਮਿਰਚਾਂ, ਬੈਂਗਣ, ਟਮਾਟਰ ਅਤੇ ਭਿੰਡੀ ਲਈ ਮਲਚਿੰਗ ਦਾ ਕੰਮ ਵੀ ਕਰ ਸਕਦਾ ਹੈ। ਰੋਜ਼ਾਨਾ ਦੇ ਕਚਰੇ ਦਾ ਮਲਚਿੰਗ ਦੇ ਰੂਪ ਵਿੱਚ ਇਸਤੇਮਾਲ ਹੋ ਸਕਦਾ ਹੈ। ਅੱਧੇ ਸੜਨ ਤੋਂ ਬਾਅਦ ਇਸ ਕਚਰੇ ਨੂੰ ਵਰਮੀ ਕੰਪੋਸਟ ਕੰਟੇਨਰ ਵਿੱਚ ਗੋਬਰ ਦੀ ਸੱਲਰੀ ਦੀ ਤਹਿ ਉੱਪਰ ਮਿਲਾਇਆ ਜਾਂਦਾ ਹੈ, ਜਿਸ ਨਾਲ ਕੰਪੋਸਟ ਅੰਦਰਲੇ ਕੀੜਿਆਂ ਦੀ ਕਾਰਗੁਜਾਰੀ ਵਧ ਜਾਂਦੀ ਹੈ। ਵਰਮੀ ਕੰਪੋਸਟ ਕੰਟੇਨਰ ਨੂੰ ਛਾਂ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਿੱਥੇ ਮੀਂਹ ਦਾ ਪਾਣੀ ਸਿੱਧੇ ਕੰਟੇਨਰ ਵਿੱਚ ਨਾ ਪਏ। 2-3 ਮਹੀਨੇ ਬਾਅਦ ਇਸ ਕੰਟੇਨਰ ਨੂੰ ਖਾਲੀ ਕਰਕੇ ਵਰਮੀ ਕਾਸਟ ਦੇ ਰੂਪ ਵਿੱਚ ਵਰਤ ਲਿਆ ਜਾਂਦਾ ਹੈ ਅਤੇ ਇਸਦੇ ਨਾਲ ਹੀ ਤਰਲ ਖਾਦ ਵਰਮੀਵਾਸ਼ ਇਕੱਠਾ ਕੀਤਾ ਜਾਂਦਾ ਹੈ ਜਿਸਦਾ ਫ਼ਸਲਾਂ ਉੱਪਰ 10 % ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾਂਦਾ ਹੈ ਜੋ ਕਿ ਫ਼ਸਲ ਲਈ ਗ੍ਰੋਥ ਪ੍ਰਮੋਟਰ ਦੇ ਨਾਲ-ਨਾਲ ਜਰੂਰੀ ਤੱਤ ਮੁਹੱਈਆ ਕਰਵਾਉਣ ਦਾ ਵੀ ਕੰਮ ਕਰਦਾ ਹੈ।

ਵਰਮੀਕੰਪੋਸਟ ਦੇ ਇਲਾਵਾ, ਰੂੜੀ ਦੀ ਖਾਦ ਅਤੇ ਕੰਪੋਸਟ ਵੀ ਹਰ ਫਸਲ ਦੇ ਬਾਅਦ ਵਰਤੀ ਜਾ ਸਕਦੀ ਹੈ। ਲੱਕੜ ਦੀ ਸੁਆਹ ਚੂਨੇ ਅਤੇ ਪੋਟਾਸ਼ ਦਾ ਇੱਕ ਵਧੀਆ ਸ੍ਰੋਤ ਹੈ। ਇਸਨੂੰ ਕੰਪੋਸਟ ਵਿੱਚ ਥੋੜੀ ਮਾਤਰਾ ਵਿੱਚ ਮਿਲਾਇਆ ਜਾਂਦਾ ਹੈ ਅਤੇ ਵਧਦੀਆਂ ਫ਼ਸਲਾਂ ਨੂੰ ਦਿੱਤਾ ਜਾਂਦਾ ਹੈ।

ਕਿਉਂਕਿ ਛੱਤ ਉੱਪਰ ਬਗੀਚੀ ਵਿੱਚ ਅਸੀਂ ਹਮੇਸ਼ਾ ਜੈਵਿਕ ਉਤਪਾਦ ਵਰਤਦੇ ਹਾਂ, ਸੋ ਕੀੜਿਆਂ ਅਤੇ ਬਿਮਾਰੀਆਂ ਦਾ ਹਮਲਾ ਆਮ ਗੱਲ ਹੈ। ਹਾਲਾਂਕਿ ਜ਼ਿਆਦਾ ਫ਼ਸਲੀ ਵਿਭਿੰਨਤਾ ਹੋਣ ਕਰਕੇ ਇਹਨਾਂ ਕਰਕੇ ਨੁਕਸਾਨ ਦੀਆਂ ਘਟਨਾਵਾਂ ਘੱਟ ਹੀ ਹਨ। ਉਦਹਾਰਨ ਲਈ, ਮਿਰਚ ਵਿੱਚ ਪੱਤਾ ਮਰੋੜ, ਫਲੀਆਂ ਵਿੱਚ ਚਿੱਟਾ ਮੱਛਰ - ਇਹ ਸਮੱਸਿਆ ਬੋਟੈਨੀਕਲ ਦਾ ਇਸਤੇਮਾਲ ਕਰਕੇ (ਦੇਖੋ ਬਾਕਸ 2) ਅਤੇ ਸ਼ਿਕਾਰੀਆਂ ਅਤੇ ਪਰਜੀਵੀਆਂ ਦੁਆਰਾ ਕੀਟਾਂ ਅਤੇ ਰੋਗਾਂ ਦਾ ਕੁਦਰਤੀ ਨਿਯੰਤ੍ਰਣ ਦੁਆਰਾ ਹੱਲ ਕੀਤੀ ਜਾਂਦੀ ਹੈ। ਸਮੇਂ ਸਿਰ ਬਿਜਾਈ ਵੀ ਕੀਟਾਂ ਦੇ ਹਮਲੇ ਨੂੰ ਘੱਟ ਕਰਨ ਵਿੱਚ ਮੱਦਦ ਕਰਦੀ ਹੈ। ਅਸੀਂ ਕਿਸੇ ਵੀ ਤਰ੍ਹਾ ਦੇ ਕੀਟਨਾਸ਼ਕ ਦਾ ਇਸਤੇਮਾਲ ਨਹੀਂ ਕਰਦੇ।

**ਵਾਢੀ ਦੇ ਫ਼ਾਇਦੇ :** ਬਿਜਾਈ ਸਮੇਂ ਕੀਤੀ ਯੋਜਨਾਬੰਦੀ ਇਹ ਯਕੀਨੀ ਬਣਾਉਂਦੀ ਹੈ ਕਿ ਸਾਨੂੰ ਲੰਬੇ ਸਮੇਂ ਤੱਕ ਸਬਜੀਆਂ ਦੀ ਪੂਰਤੀ ਹੁੰਦੀ ਰਹੇ। ਮੇਰੇ ਛੱਤ ਦੇ ਬਗੀਚੇ ਵਿੱਚ ਬਹੁਤ ਤਰ੍ਹਾ ਦੀਆਂ ਸਬਜੀਆਂ ਹਨ ਜਿਵੇਂ:- ਸਾਰੀਆਂ ਪੱਤੇਦਾਰ ਸਬਜੀਆਂ ਦੀ 30 ਦਿਨਾਂ ਵਿੱਚ ਇੱਕ ਵਾਰ ਕਟਾਈ ਹੋ ਜਾਂਦੀ ਹੈ ਅਤੇ ਅਗਲੀ ਕਟਾਈ 15 ਦਿਨਾਂ ਬਾਅਦ ਆ ਜਾਂਦੀ ਹੈ। ਫਲੀਆਂ ਵਿੱਚ 50 ਦਿਨਾਂ ਬਾਅਦ ਫਲ ਆ ਜਾਂਦਾ ਹੈ ਅਤੇ 2-3 ਦਿਨਾਂ ਦੇ ਅੰਤਰਾਲ ’ਤੇ ਫਲੀਆਂ ਤੋੜ ਲਈਆਂ ਜਾਂਦੀਆਂ ਹਨ। ਬਾਕੀ ਸਬਜੀਆਂ ਦੀ ਤੁੜਾਈ ਵੀ ਉਹਨਾਂ ਦੀ ਮਿਆਦ ਉੱਪਰ ਨਿਰਭਰ ਕਰਦੀ ਹੈ ਅਤੇ ਘੱਟੋਂ-ਘੱਟ ਇੱਕ ਮਹੀਨੇ ਲਈ ਸਬਜੀਆਂ ਦਾ ਝਾੜ ਦਿੰਦੀਆਂ ਹਨ।

ਝਾੜ ਓਨਾ ਹੀ ਵਧੀਆਂ ਹੈ ਜਿੰਨਾ ਕਿ ਕਿਸੇ ਖੇਤ ਵਿੱਚ ਲੱਗੀ ਫਸਲ ਦਾ ਅਤੇ ਇਹ ਲਗਾਤਾਰ ਦੇਖਭਾਲ ਕਰਕੇ ਹੀ ਸੰਭਵ

**ਬਾਕਸ 2 ਬੋਟੈਨੀਕਲ - ਕੁੱਝ ਉਦਾਹਰਨਾਂ**

ਨਿੰਮ ਦੇ ਪੱਤਿਆਂ ਦੀ ਸਪ੍ਰੇਅ 250 ਗ੍ਰਾਮ ਨਿੰਮ੍ਹ ਦੇ ਪੱਤਿਆਂ ਨੂੰ ਅੱਧਾ ਲਿਟਰ ਪਾਣੀ ਵਿੱਚ ਭਿਉਂ ਦਿੱਤਾ ਜਾਂਦਾ ਹੈ ਅਤੇ ਇਸਨੂੰ ਕੱਪੜੇ ਨਾਲ ਢਕ ਦਿੱਤਾ ਜਾਂਦਾ ਹੈ ਅਤੇ ਇਸਨੂੰ 3 ਦਿਨਾਂ ਲਈ ਖਮੀਰ ਉੱਠਣ ਲਈ ਛੱਡ ਦਿੱਤਾ ਜਾਂਦਾ ਹੈ। ਇਸਨੂੰ 10 ਗੁਣਾ ਪਤਲਾ ਕਰਕੇ ਰਸ ਚੂਸਕ ਕੀੜਿਆਂ ਉੱਪਰ ਸਪ੍ਰੇਅ ਕੀਤਾ ਜਾ ਸਕਦਾ ਹੈ।

**ਖੱਟੀ ਲੱਸੀ** - ਉੱਲੀ ਰੋਗਾਂ ਨੂੰ ਕਾਬੂ ਕਰਨ ਲਈ ਖੱਟੀ ਲੱਸੀ ਨੂੰ ਪਤਲਾ ਕਰਕੇ ਸ੍ਰਪੇਅ ਕੀਤੀ ਜਾਂਦੀ ਹੈ।

**ਸੁਆਹ** - ਬੈਂਗਣ, ਕੱਦੂ, ਤੋਰੀ ਅਤੇ ਭਿੰਡੀ ਉੱਪਰ ਚੇਪੇ, ਲਾਲ ਭੂੰਡੀ ਅਤੇ ਸੁੰਡੀਆਂ ਨੂੰ ਨਿਯੰਤ੍ਰਿਤ ਕਰਨ ਲਈ ਇਹਨਾਂ ਉੱਪਰ ਸੁਆਹ ਛਿੜਕੀ ਜਾਂਦੀ ਹੈ।

ਹੁੰਦਾ ਹੈ। ਅਤੇ ਇਹ ਸਬਜੀਆਂ ਬਾਜਾਰ ਵਿੱਚ ਮਿਲਣ ਵਾਲੀਆਂ ਸਬਜੀਆਂ ਦੇ ਮੁਕਾਬਲੇ ਤਾਜ਼ੀਆਂ ਅਤੇ ਪੋਸ਼ਣ ਭਰਪੂਰ ਹਨ ਅਤੇ ਸੁਆਦ ਵੀ। ਇਹਨਾਂ ਸਬਜੀਆਂ ਨੂੰ ਘਰ ਵਿੱਚ ਵਰਤਿਆ ਜਾਂਦਾ ਹੈ। ਜੇਕਰ ਕਦੇ ਸਬਜੀਆਂ ਵੱਧ ਹੋਣ ਤਾਂ ਉਹਨਾਂ ਨੂੰ ਗਵਾਂਢੀਆਂ ਨਾਲ ਵੰਡਿਆ ਜਾਂਦਾ ਹੈ।

ਲਾਗਤ ਅਤੇ ਲਾਭ ਉੱਪਰ ਵੀ ਕੰਮ ਕੀਤਾ ਗਿਆ। ਇਕ ਸਾਲ ਦੇ ਸਮੇਂ ਦੌਰਾਨ ਬਗੀਚੀ ਨੂੰ ਬਣਾਉਣ ਉੱਪਰ ਅਤੇ ਸਬਜੀਆਂ ਦੇ ਉਤਪਾਦਨ ਉੱਪਰ 5223 ਰੁਪਏ ਖ਼ਰਚ ਕੀਤੇ ਗਏ। ਇਸ ਵਿੱਚ ਵੱਖ-ਵੱਖ ਸਿਰਲੇਖਾਂ ਅਧੀਨ ਸ਼੍ਰੇਣੀਬੱਧ ਕੀਤੇ ਗਏ ਸਾਰੇ ਸੰਚਾਲਨ ਖ਼ਰਚੇ ਸ਼ਾਮਿਲ ਹਨ ਜਿੰਨਾਂ ਨੂੰ ਸਾਰਣੀ 1 ਵਿੱਚ ਦਿੱਤਾ ਗਿਆ ਹੈ। ਅਤੇ ਉਗਾਈਆਂ ਗਈਆਂ ਸਬਜੀਆਂ ਦੀ ਕੀਮਤ 8480 ਰੁਪਏ ਹੈ ਜੋ ਕਿ ਦਿਖਾਉਂਦਾ ਹੈ ਕਿ ਛੱਤ ਉੱਪਰ ਸਬਜੀਆਂ ਉਗਾਉਣਾ ਫ਼ਾਇਦੇ ਦਾ ਸੌਦਾ ਹੈ।

ਛੱਤ ਉੱਪਰ ਬਗੀਚੀ ਦੇ ਹੋਰ ਵੀ ਬਹੁਤ ਸਾਰੇ ਲਾਭ ਹਨ ਜਿਵੇਂ ਸਿਹਤ ਉੱਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨਾ, ਵਿਹਲੇ ਸਮੇਂ ਅਤੇ ਜਗ੍ਹਾ ਦੀ ਵਰਤੋਂ ਅਤੇ ਸਿਹਤਮੰਦ ਖਾਣਾਂ ਉਗਾਉਣਾ। ਅਤੇ ਇਸਦੇ ਨਾਲ ਹੀ ਰਸੋਈ ਦੇ ਕਚਰੇ ਦਾ ਸੁਚੱਜਾ ਪ੍ਰਬੰਧਨ ਇਸਦਾ ਸਭ ਤੋਂ ਮਹੱਤਵਪੂਰਨ ਲਾਭ ਹੈ। ਇਸਦੇ ਨਾਲ ਹੀ ਜੋ ਲੋਕ ਸ਼ਹਿਰੀ ਇਲਾਕਿਆਂ ਵਿੱਚ ਕੰਮ ਕਰਦੇ ਹਨ, ਇਹ ਓਹਨਾਂ ਦੇ ਤਣਾਅ ਨੂੰ ਵੀ ਘੱਟ ਕਰਨ ਵਿੱਚ ਮੱਦਦ ਕਰਦਾ ਹੈ।


ਆਪਣੀ ਬਗੀਚੀ ਵਿੱਚ ਵਿਹਰਕ ਤਜ਼ਰਬਾ ਹਾਸਲ ਕਰਨ ਤੋਂ ਬਾਅਦ ਮੈਂ ਆਪਣੇ ਇਲਾਕੇ ਦੇ ਲੋਕਾਂ ਨੂੰ ਇਸਦੀ ਸਿਖਲਾਈ ਦੇਣਾਂ ਸ਼ੁਰੂ ਕੀਤੀ ਤਾਂਕਿ ਉਹ ਵੀ ਸਿਹਤਮੰਦ ਜੀਵਨ ਲਈ ਬਗੀਚੀ ਉਗਾ ਸਕਣ। ਭਵਿੱਖ ਵਿੱਚ, ਮੇਰਾ ਬੰਗਲੌਰ ਵਿੱਚ ਛੱਤ ਉੱਪਰ ਬਗੀਚੀ ਦੀ ਸਲਾਹਕਾਰ ਏਜੰਸੀ ਸ਼ੁਰੂ ਕਰਨ ਦੀ ਯੋਜਨਾ ਹੈ।

*ਧੰਨਵਾਦ :- ਲੇਖਕ ਸ਼੍ਰੀ ਸੰਤੋਸ਼ ਕੇ ਐਮ ਦਾ ਆਪਣੇ ਬਗੀਚੇ ਨੂੰ ਸਥਾਪਿਤ ਕਰਨ ਅਤੇ ਇਸ ਲੇਖ ਨੂੰ ਲਿਖਣ ਵਿੱਚ ਉਹਨਾਂ ਦੇ ਸਹਿਯੋਗ ਲਈ ਉਹਨਾਂ ਦਾ ਧੰਨਵਾਦੀ ਹੈ।*

**ਰੁੰਦਨ ਵੀ**
ਪੀ ਐਚ ਡੀ ਸਕਾਲਰ, ਖੇਤੀ ਵਿਗਿਆਨ ਵਿਭਾਗ
ਖੇਤੀਬਾੜੀ ਵਿਗਿਆਨ ਯੂਨੀਵਰਸਿਟੀ, ਧਰਵਾੜ
ਈਮੇਲ : rundangowda10@gmail.com

**Urban farming for healthy life**
**LEISA INDIA, March 2022**

## LEISA INDIA Language Editions



**Kannada, Telugu, Tamil, Oriya, Hindi, Marathi, Punjabi**

# ਸ਼ਹਿਰੀ ਖੇਤੀ ਲਈ ਗਿਆਨ ਪ੍ਰਬੰਧਨ

## *ਸਿੱਖੇ ਸਬਕਾਂ ਦਾ ਲਾਭ ਉਠਾਉਣਾ*

*ਵਿਨਸੈਂਟ ਏ ਅਤੇ ਸਰਵਨਨ ਰਾਜ*

**ਸਿਹਤ ਪ੍ਰਤਿ ਜਾਗਰੂਕ ਸ਼ਹਿਰੀ ਲੋਕ ਹੁਣ ਆਪਣਾ ਭੋਜਨ ਖੁਦ ਉਗਾਉਣ ਵੱਲ ਵਧ ਰਹੇ ਹਨ। ਇੱਕ ਸ਼ੌਕ ਵਜੋਂ ਸ਼ੁਰੂ ਹੋਈ ਸ਼ਹਿਰੀ ਖੇਤੀ ਹੁਣ ਭੋਜਨ ਸੁਰੱਖਿਆ, ਸ਼ਰੀਰਕ ਅਤੇ ਮਾਨਸਿਕ ਸਿਹਤ ਜਿਹੇ ਮੁੱਦਿਆਂ ਨੂੰ ਸੰਬੋਧਿਤ ਕਰਦਿਆਂ ਇੱਕ ਲੋੜ ਵਜੋਂ ਵਿਕਸਿਤ ਹੋ ਰਹੀ ਹੈ। ਇਹ ਸਭ ਦੇ ਲਈ ਵਿਭਿੰਨ ਅਤੇ ਉੱਭਰ ਰਹੇ ਮੀਡੀਆ ਦੇ ਰਾਹੀ ਜਾਣਕਾਰੀ ਤੱਕ ਬਿਹਤਰ ਪਹੁੰਚ ਅਤੇ ਗਿਆਨ ਦੇ ਆਦਾਨ -ਪ੍ਰਦਾਨ ਦੀ ਜਰੂਰਤ ਹੈ।**

ਸ਼ਹਿਰੀਕਰਨ ਹੁਣ ਕੋਈ ਬਹੁਤ ਵੱਡੀ ਗੱਲ ਨਹੀ ਰਹੀ ਹੈ। ਵਿਸ਼ਵ ਬੈਂਕ ਦੀ ਰਿਪੋਰਟ ਦੇ ਅਨੁਸਾਰ, 2020 ਵਿੱਚ ਵਿਸ਼ਵ ਪੱਧਰ 'ਤੇ ਲਗਭਗ 56.15 ਫੀਸਦੀ (4.35 ਅਰਬ ) ਲੋਕ ਸ਼ਹਿਰੀ ਖੇਤਰਾਂ ਵਿੱਚ ਰਹਿੰਦੇ ਹਨ। 2030 ਤੱਕ ਇਸਦੇ 60% ਤੱਕ ਪਹੁੰਚਣ ਦਾ ਅਨੁਮਾਨ ਹੈ। ਸ਼ਹਿਰੀਕਰਨ ਪਰਿਵਰਤਨ ਲਈ ਇੱਕ ਸਕਾਰਾਤਮਕ ਸ਼ਕਤੀ ਹੈ ਕਿਉਂਕਿ ਇਸ ਨਾਲ ਸਿੱਖਿਆ, ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੇ ਮੌਕੇ ਪੈਦਾ ਹੁੰਦੇ ਹਨ। ਹਾਲਾਂਕਿ ਵਧਦੇ ਸ਼ਹਿਰੀਕਰਨ ਦੇ ਨਾਲ-ਨਾਲ ਕਈ ਚੁਣੌਤੀਆਂ ਵੀ ਪੈਦਾ ਹੋਈਆਂ ਹਨ ਜਿਵੇਂ ਭੀੜ-ਭੜੱਕੇ ਵਾਲੀਆਂ ਥਾਵਾਂ, ਪ੍ਰਦੂਸ਼ਣ, ਪੀਣ ਵਾਲੇ ਚੰਗੇ ਪਾਣੀ ਦੀ ਕਮੀ, ਸ਼ਹਿਰ ਵਿੱਚ ਵਧਦੀ ਗਰਮੀ, ਨਵੀਂਆਂ ਬਿਮਾਰੀਆਂ ਦਾ ਪੈਦਾ ਹੋਣਾ, ਵਧਦੀ ਗਰੀਬੀ, ਕੁਪੋਸ਼ਣ, ਰਹਿਣ ਦੀ ਉੱਚ ਲਾਗਤ, ਵਧਦੇ ਜੁਰਮ ਅਤੇ ਵਾਤਾਵਰਣ ਸੰਕਟ ਵਿੱਚ ਵਾਧਾ ਆਦਿ। ਸਾਰੀਆਂ ਵੱਡੀਆਂ ਚੁਣੌਤੀਆਂ ਵਿੱਚੋਂ, ਸ਼ਹਿਰਾਂ ਵਿੱਚ ਭੋਜਨ ਅਸੁਰੱਖਿਆ ਇੱਕ ਵੱਡੀ ਚਿੰਤਾ ਵਜੋਂ ਸਾਹਮਣੇ ਆ ਰਹੀ ਹੈ, ਖਾਸ ਕਰਕੇ ਸ਼ਹਿਰੀ ਗਰੀਬਾਂ ਲਈ। ਖੇਤੀ ਹੇਠ ਘਟਦੀਆਂ ਜ਼ਮੀਨਾਂ, ਵਧਦੀ ਆਬਾਦੀ, ਜਲਵਾਯੂ ਪਰਿਵਰਤਨ ਦੇ ਵਧਦੇ ਖਤਰਿਆਂ, ਮੰਡੀਕਰਨ, ਜਲਦ ਖਰਾਬ ਹੋਣ ਵਾਲੇ ਖਾਧ ਪਦਾਰਥਾਂ ਦੇ ਨਾਲ ਹੋਰ ਜਰੂਰੀ ਖਾਧ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਆਦਿ ਦੇ ਕਾਰਨ ਸ਼ਹਿਰੀ ਲੋਕਾਂ ਦੇ ਖਾਣ ਦੇ ਲਈ ਪੇਂਡੂ ਖੇਤਰਾਂ ਤੋਂ ਲੋੜੀਂਦੀਆਂ ਖਾਧ ਵਸਤੂਆਂ ਦੀ ਢੋਆ-ਢੁਆਈ ਇੱਕ ਚੁਣੌਤੀ ਬਣਦੀ ਜਾ ਰਹੀ ਹੈ।

ਸ਼ਹਿਰੀ ਖੇਤੀ ਇਹਨਾਂ ਚੁਣੌਤੀਆਂ ਨੂੰ ਘੱਟ ਕਰਨ ਵਿੱਚ ਯੋਗਦਾਨ ਪਾਉਂਦੀ ਸਾਬਤ ਹੋ ਰਹੀ ਹੈ। ਇਸ ਲਈ, ਆਜੀਵਿਕਾ ਦੇ ਵਧੇ ਹੋਏ ਮੌਕਿਆਂ ਦੇ ਨਾਲ ਟਿਕਾਊ ਅਤੇ ਜਿੰਮੇਦਾਰ ਸ਼ਹਿਰਾਂ ਨੂੰ ਵਿਕਸਿਤ ਕਰਨ ਲਈ ਸ਼ਹਿਰੀ ਲੋਕਾਂ ਨੂੰ ਆਪਣਾ ਭੋਜਨ ਖੁਦ ਉਗਾਉਣ ਦੀ ਫੌਰੀ ਲੋੜ ਹੈ।



**ਸੇਵਾਮੁਕਤ ਲੋਕਾਂ ਨੇ ਸ਼ਹਿਰਾਂ ਵਿੱਚ ਸਬਜ਼ੀਆਂ ਉਗਾਉਣ ਨੂੰ ਇੱਕ ਸ਼ੌਕ ਵਜੋਂ ਸ਼ੁਰੂ ਕੀਤਾ ਹੈ।**

ਦੁਨੀਆ ਭਰ ਵਿੱਚ ਲਗਭਗ 100-200 ਮਿਲੀਅਨ ਸ਼ਹਿਰੀ ਕਿਸਾਨ ਸ਼ਹਿਰ ਦੇ ਬਾਜ਼ਾਰਾਂ ਨੂੰ ਤਾਜਾ ਫਲ-ਸਬਜ਼ੀਆਂ ਉਪਲਬਧ ਕਰਵਾ ਰਹੇ ਹਨ (ਓਰਸਿਨੀ ਏਟ ਅਲ 2013) । ਖਾਸ ਕਰਕੇ, ਆਪਣਾ ਭੋਜਨ ਖੁਦ ਉਗਾਉਣ ਨਾਲ ਕੋਰੋਨਾ ਮਹਾਂਮਾਰੀ ਦੌਰਾਨ ਪੈਦਾ ਹੋਏ ਲਾਕਡਾਊਨ ਦੇ ਹਾਲਾਂਤਾਂ ਵਿੱਚ ਭੋਜਨ ਆਪੂਰਤੀ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕਦਾ ਹੈ। ਖੋਜਕਰਤਾਵਾਂ, ਅਕਾਦਮਿਕਾਂ, ਨੀਤੀ ਨਿਰਮਾਤਾਵਾਂ ਵਿਚਕਾਰ ਜਾਣਕਾਰੀ ਦੇ ਅਜਿਹੇ ਸ੍ਰੋਤਾਂ ਦਾ ਪਤਾ ਲਗਾਉਣ ਵਿੱਚ ਦਿਲਚਸਪੀ ਵਧ ਰਹੀ ਹੈ ਜੋ ਕਿ ਸ਼ਹਿਰੀ ਲੋਕਾਂ ਲਈ ਸ਼ਹਿਰੀ ਖੇਤੀ ਅਤੇ ਸ਼ਹਿਰੀ ਖੇਤੀ ਦੀਆਂ ਉੱਤਮ ਤਕਨੀਕਾਂ ਬਾਰੇ ਗਿਆਨ ਪ੍ਰਾਪਤ ਕਰਨ ਦੇ ਲਈ ਆਧਾਰ ਦੇ ਰੂਪ ਵਿੱਚ ਕੰਮ ਕਰਨ।

ਇਸ ਪਿਛੋਕੜ ਦੇ ਆਧਾਰ 'ਤੇ ਸ਼ਹਿਰੀ ਲੋਕਾਂ ਦੁਆਰਾ ਆਪਣਾ ਭੋਜਨ ਖੁਦ ਉਗਾਉਣ ਦੇ ਲਈ ਜਾਣਕਾਰੀ ਦੇ ਸ੍ਰੋਤਾਂ ਦਾ ਪਤਾ ਲਗਾਉਣ ਦੇ ਲਈ ਖੇਤੀ ਵਿਸਤਾਰ ਨਵਾਚਾਰ, ਸੁਧਾਰ ਅਤੇ ਖੇਤੀ ਉੱਦਮਿਤਾ ਕੇਂਦਰ (CAEIRA) , ਰਾਸ਼ਟਰੀ ਖੇਤੀ ਵਿਸਤਾਰ ਸੰਸਥਾਨ ਪ੍ਰਬੰਧਨ (MANAGE) ਦੁਆਰਾ ਇੱਕ ਅਧਿਐਨ ਕਰਵਾਇਆ ਗਿਆ। ਅਧਿਐਨ ਵਿੱਚ ਹੈਦਰਾਬਾਦ ਅਤੇ ਸਿਕੰਦਰਾਬਾਦ ਦੋਵਾਂ ਸ਼ਹਿਰਾਂ ਦੇ 25 ਸ਼ਹਿਰੀ ਅਭਿਆਸ ਕਰਨ ਵਾਲਿਆਂ ਦਾ ਸਰਵੇਖਣ ਕੀਤਾ ਗਿਆ।

## ਸ਼ਹਿਰੀ ਲੋਕ ਕਿਹੜੀਆਂ ਫਸਲਾਂ ਉਗਾਉਂਦੇ ਹਨ ਅਤੇ ਕਿਵੇਂ?

ਖੇਤੀ ਪੇਂਡੂ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ ਅਤੇ ਖੇਤ ਉਹ ਜ਼ਮੀਨ ਹੈ ਜਿੱਥੇ ਫਸਲ ਉਗਾਈ ਜਾਂਦੀ ਹੈ। ਹਾਲਾਂਕਿ, ਸ਼ਹਿਰੀ ਇਲਾਕਿਆਂ ਵਿੱਚ, ਫਸਲਾਂ ਛੱਤ ਉੱਪਰ ਪਲਾਸਟਿਕ ਦੀਆਂ ਬਾਲਟੀਆਂ/ ਡਰੰਮ / ਮਿਨਰਲ ਪਾਣੀ ਦੇ ਕੈਨ ਜਾਂ ਜੂਟ ਦੀਆਂ ਬੋਰੀਆਂ ਵਿੱਚ ਜਾਂ ਹੋਰ ਪਲਾਸਟਿਕ ਕੰਟੇਨਰਾਂ ਵਿੱਚ ਮਿੱਟੀ ਅਤੇ ਲੋੜੀਂਦੇ ਤੱਤ ਪਾ ਕੇ ਉਗਾਈਆਂ ਜਾਂਦੀਆਂ ਹਨ। ਇਸਦੇ ਨਾਲ ਹੀ, ਜਿੰਨਾਂ ਕੋਲ ਘਰ ਦੇ ਪਿਛਵਾੜੇ ਵਿੱਚ ਜਗ੍ਹਾ ਹੈ, ਉਹ ਉੱਥੇ ਸਬਜ਼ੀਆਂ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਉਗਾਉਣ ਨੂੰ ਪਹਿਲ ਦਿੰਦੇ ਹਨ ਅਤੇ ਘਰ ਵਿੱਚ ਇਸਤੇਮਾਲ ਕੀਤੇ ਪਾਣੀ ਦਾ ਸਿੰਚਾਈ ਲਈ ਪ੍ਰਯੋਗ ਕਰਦੇ ਹਨ। ਹੈਦਰਾਬਾਦ ਅਤੇ ਸਿਕੰਦਰਾਬਾਦ ਵਿੱਚ ਘਰ ਦੀ ਬਾਲਕਨੀ ਵਿੱਚ ਸਬਜ਼ੀਆਂ ਉਗਾਉਣਾ ਵੀ ਵਧ ਰਿਹਾ ਹੈ।

**ਜਾਣਕਾਰੀ ਪ੍ਰਦਾਨ ਕਰਨ ਵਾਲੇ :** ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਜ਼ਿਆਦਾਤਰ ਖੇਤੀ ਕਰਨ ਵਾਲੇ ਲੋਕ ਪੜ੍ਹੇ-ਲਿਖੇ ਅਤੇ ਵੱਡੀ ਉਮਰ ਦੇ ਹਨ ਅਤੇ ਮੱਧ ਵਰਗ ਅਤੇ ਉੱਚ-ਮੱਧ ਵਰਗ ਨਾਲ ਸੰਬੰਧ ਰੱਖਦੇ ਹਨ। ਫਸਲ ਦੀ ਦੇਖਭਾਲ ਘਰ ਦੀਆਂ ਮਹਿਲਾਵਾਂ ਜਾਂ ਸੇਵਾਮੁਕਤ ਪੇਸ਼ੇਵਾਰਾਂ ਦੁਆਰਾ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਬਹੁਤਿਆਂ, ਜੋ ਖੇਤੀ ਕਰਨ ਲਈ ਪ੍ਰੇਰਿਤ ਹੋਏ, ਨੇ ਇੱਕ ਸ਼ੌਕ ਵਜੋਂ ਇਸਨੂੰ ਸ਼ੁਰੂ ਕੀਤਾ।

ਸ਼ਹਿਰੀ ਲੋਕਾਂ ਦੀ ਆਪਣੀ ਜਾਣਕਾਰੀ ਸੰਬੰਧੀ ਲੋੜਾਂ ਪੂਰੀਆਂ ਕਰਨ ਲਈ ਜਾਣਕਾਰੀ ਪ੍ਰਦਾਨ ਕਰਨ ਵਾਲੀ ਰਸਮੀ ਵਿਵਸਥਾ ਤੱਕ ਪਹੁੰਚ ਬੜੀ ਸੀਮਤ ਹੈ। ਉਹ ਫਸਲ ਦੇ ਉਤਪਾਦਨ ਦੀ ਵਿਧੀ, ਉਗਾਉਣ ਲਈ ਸਾਧਨ ਦੀ ਚੋਣ, ਬੀਜਾਂ ਦੀ ਚੋਣ, ਖਾਦ ਪਾਉਣ, ਸਿੰਚਾਈ ਪ੍ਰਬੰਧਨ ਅਤੇ ਜਲ ਨਿਕਾਸੀ ਦੇ ਨਾਲ-ਨਾਲ ਕੀਟਾਂ ਅਤੇ ਬਿਮਾਰੀਆਂ ਦੇ ਪ੍ਰਬੰਧਨ ਲਈ ਇੱਕ ਤੈਅਸ਼ੁਦਾ ਨਿਯਮਾਂ ਦਾ ਪਾਲਣ ਕਰਦੇ ਹਨ। ਇਸ ਲਈ ਖੇਤੀ ਵਿੱਚ ਉਹਨਾਂ ਦੇ ਜਾਣਕਾਰੀ ਦੇ ਸ੍ਰੋਤਾਂ ਨੂੰ ਜਾਣਨਾ ਬੜਾ ਜਰੂਰੀ ਹੈ।

**ਸ਼ਹਿਰੀ ਖੇਤੀ ਲਈ ਵਿਸਤਾਰ ਸੇਵਾ ਸਹਿਯੋਗ :** ਹਰ ਸ਼ਹਿਰ ਵਿੱਚ ਹੁਣ ਸ਼ਹਿਰੀ ਖੇਤੀ ਵਿੰਗ ਸਥਾਪਤ ਕੀਤਾ ਜਾ ਰਿਹਾ ਹੈ ਤਾਂਕਿ ਜਾਗਰੂਕਤਾ ਲਿਆਂਦੀ ਜਾ ਸਕੇ ਅਤੇ ਵਿਸਤਾਰ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਤੇਲੰਗਾਨਾ ਸਰਕਾਰ ਨੇ ਬਾਗਬਾਨੀ ਵਿਭਾਗ ਵਿੱਚ ਸ਼ਹਿਰੀ ਖੇਤੀ ਡਿਵੀਜ਼ਨ ਸਥਾਪਤ ਕੀਤੀ ਹੈ। ਇਹ ਡਿਵੀਜ਼ਨ ਹੈਦਰਾਬਾਦ ਦੇ ਵਿਭਿੰਨ ਸਥਾਨਾਂ ਉੱਪਰ ਸ਼ਹਿਰੀ ਖੇਤੀ ਬਾਰੇ ਜਾਗਰੂਕਤਾ ਲਿਆਉਣ ਲਈ ਸਿਖਲਾਈ ਅਤੇ ਮੀਟਿੰਗਾਂ ਆਯੋਜਿਤ ਕਰਦੀ ਰਹਿੰਦੀ ਹੈ। ਇਸਦੇ ਨਾਲ ਹੀ ਇਹ ਸ਼ਹਿਰੀ ਖੇਤੀ ਕਿੱਟ ਜਿਸ ਵਿੱਚ ਸਿਲਪੌਲਿਨ ਸ਼ੀਟ ਅਤੇ ਗ੍ਰੋ ਬੈਗ, ਸਬਜੀਆਂ ਦੇ ਬੀਜ ਅਤੇ ਪੋਸ਼ਕ ਤੱਤ ਸ਼ਾਮਲ ਹੁੰਦੇ ਹਨ, ਸਬਸਿਡੀ ਕੀਮਤ 'ਤੇ ਮੁਹੱਈਆ ਕਰਵਾਉਂਦੀ ਹੈ। ਇਸ ਸਭ ਦੇ ਨਾਲ ਬਹੁਤ ਸਾਰੇ ਆਪਣੀਆਂ ਸਬਜੀਆਂ ਆਪ ਉਗਾਉਣ ਲਈ ਪ੍ਰੇਰਿਤ ਹੋਏ ਕਿਉਂਕਿ ਹੁਣ ਉਹਨਾਂ ਦੀ ਇਸ ਖੇਤੀ ਸੰਬੰਧੀ ਜਾਣਕਾਰੀ ਤੱਕ ਆਸਾਨ ਪਹੁੰਚ ਬਣ ਗਈ ਸੀ। ਇਸਦੇ ਨਾਲ ਹੀ ਇਹ ਡਿਵੀਜ਼ਨ ਟੀਵੀ, ਅਖਬਾਰ ਅਤੇ ਸਥਾਨਕ ਰੇਡੀਓ ਚੈਨਲਾਂ ਰਾਹੀ ਸ਼ਹਿਰੀ ਖੇਤੀ ਮਿੱਟ ਦੇ ਮਹੱਤਵ ਬਾਰੇ ਲੋਕਾਂ ਨੂੰ ਜਾਗਰੂਕ ਕਰਦੀ ਰਹਿੰਦੀ ਹੈ।

## ਸੋਸ਼ਲ ਮੀਡੀਆ

**1) ਯੂਟਿਊਬ ਚੈਨਲ –** ਇੱਕ ਆਭਾਸੀ ਖੇਤ ਦਾ ਅਨੁਭਵ ਦੇਖ ਕੇ ਹੀ ਵਿਸ਼ਵਾਸ ਹੁੰਦਾ ਹੈ। ਹਾਲਾਂਕਿ ਸ਼ਹਿਰੀ ਖੇਤੀ ਕਰਨ ਵਾਲਿਆਂ ਕੋਲ ਖੇਤਾਂ ਵਿੱਚ ਜਾ ਕੇ ਫਸਲਾਂ ਦੀ ਬਿਜਾਈ ਕਰਨ ਦਾ ਅਨੁਭਵ ਪ੍ਰਾਪਤ ਕਰਨ ਦੀ ਸੁਵਿਧਾ ਨਹੀ ਹੈ ਪਰ ਉਹ ਯੂਟਿਊਬ ਚੈਨਲਾਂ ਉੱਪਰ ਫਸਲਾਂ ਦੇ ਉਤਪਾਦਨ ਅਤੇ ਪ੍ਰਬੰਧਨ ਬਾਰੇ ਅਪਲੋਡ ਕੀਤੀਆਂ ਵੀਡਿਓ ਦੇਖਦੇ ਹਨ। ਇਸ ਸਭ ਨਾਲ ਉਹ ਉਤਪਾਦਨ ਪ੍ਰਬੰਧਨ ਨੂੰ ਸਮਝਣ ਦੇ ਯੋਗ ਹੋ ਗਏ ਹਨ। ਹੈਦਰਾਬਾਦ ਅਤੇ ਸਿਕੰਦਰਾਬਾਦ ਦੇ ਸ਼ਹਿਰੀ ਲੋਕਾਂ ਵਿਚਕਾਰ ਪ੍ਰਸਿੱਧ ਯੂਟਿਊਬ ਚੈਨਲਾਂ ਦਾ ਵੇਰਵਾ ਸਾਰਣੀ 1 ਵਿੱਚ ਦਿੱਤਾ ਗਿਆ ਹੈ।

**2) ਵੱਟਸਐਪ ਗਰੁੱਪ –** ਜ਼ਿਆਦਾਤਰ ਲੋਕ ਫਸਲ ਉਤਪਾਦਨ, ਕੀਟ ਅਤੇ ਰੋਗ ਪ੍ਰਬੰਧਨ ਬਾਰੇ ਜਾਣਕਾਰੀ ਦੇ ਆਦਾਨ-ਪ੍ਰਦਾਨ ਲਈ ਵੱਟਸਐਪ ਦੀ ਵਰਤੋਂ ਕਰਦੇ ਹਨ।ਉਦਾਹਰਨ ਲਈ, ਸਿਕੰਦਰਾਬਾਦ ਦੇ ਸੈਨਿਕਪੁਰੀ ਵਿਖੇ, 15 ਤੋਂ ਜ਼ਿਆਦਾ ਲੋਕ ਸਬਜ਼ੀਆਂ ਉਗਾ ਰਹੇ ਹਨ। ਹਾਲਾਂਕਿ ਉਹ ਸਭ ਅਲੱਗ-ਅਲੱਗ ਪੇਸ਼ੇ ਅਤੇ ਸੱਭਿਆਚਾਰ ਨਾਲ ਜੁੜੇ ਹੋਏ ਹਨ ਪਰ ਉਹਨਾਂ ਨੇ ਸਬਜ਼ੀਆਂ ਉਗਾਉਣ ਸੰਬੰਧੀ ਜਾਣਕਾਰੀ ਦੀ ਕਮੀ ਨੂੰ ਦੂਰ ਕਰਨ ਲਈ ਵੱਟਸਐਪ ਗਰੁੱਪ (ਸੈਨਿਕਪੁਰੀ ਗਾਰਡਨ ਕਲੱਬ) ਬਣਾਇਆ ਹੈ। ਗਰੁੱਪ ਦੇ ਮੈਂਬਰ ਸਬਜ਼ੀਆਂ, ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਫਲਾਂ ਨੂੰ ਉਗਾਉਣ ਸੰਬੰਧੀ ਤਕਨੀਕਾਂ ਅਤੇ ਵਿਧੀਆਂ ਬਾਰੇ ਜਾਣਕਾਰੀ ਇਸ ਗਰੁੱਪ ਵਿੱਚ ਸਾਂਝਾ ਕਰਦੇ ਹਨ। ਇਸ ਤੋਂ ਇਲਾਵਾ, ਜਦੋਂ ਵੀ ਉਹਨਾਂ ਦੀ ਫਸਲ ਨੂੰ ਕੋਈ ਬਿਮਾਰੀ ਜਾਂ ਕਿਸੇ ਕੀਟ ਦਾ ਹਮਲਾ ਹੁੰਦਾ ਹੈ ਤਾਂ ਉਹ ਉਸਦੀ ਫ਼ੋਟੋ ਖਿੱਚ ਕੇ ਗਰੁੱਪ ਵਿੱਚ ਪਾ ਦਿੰਦੇ ਹਨ ਅਤੇ ਉਹਨਾਂ ਵਿੱਚੋਂ ਜੇਕਰ ਕਿਸੇ ਕੋਲ ਵੀ ਸੰਬੰਧਿਤ ਸਮੱਸਿਆ ਦਾ ਹੱਲ ਹੁੰਦਾ ਹੈ ਤਾਂ ਉਹ ਤੁਰੰਤ ਇਸਦਾ ਜਵਾਬ ਦਿੰਦੇ ਹਨ। ਸੈਨਿਕਪੁਰੀ ਗਾਰਡਨ ਕਲੱਬ ਇਸਤੋਂ ਇਲਾਵਾ ਸ਼ਹਿਰੀ ਖੇਤੀ ਨਾਲ ਸੰਬੰਧਿਤ ਪ੍ਰਦਰਸ਼ਨੀਆਂ, ਸਿਖਲਾਈ ਪ੍ਰੋਗਰਾਮਾਂ, ਮੀਟਿੰਗਾਂ ਅਤੇ ਹੋਰ ਆਯੋਜਿਤ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦਾ ਹੈ।

**ਸਾਰਣੀ 1 – ਸ਼ਹਿਰੀ ਖੇਤੀ ਲਈ ਯੂਟਿਊਬ ਚੈਨਲ**

| ਚੈਨਲ ਦਾ ਨਾਮ | ਸ਼ਹਿਰੀ ਖੇਤੀ ਲਈ ਇਹ ਕਿਉਂ ਮਹੱਤਵਪੂਰਨ ਹੈ |
|---|---|
| 1. ਈ ਟੀ ਵੀ ਅਭੀਰੁਚੀ (https://www.youtube.com/c/etvabhiruchi) | ਇਹ ਇੱਕ ਪ੍ਰਸਿੱਧ ਤੇਲਗੂ ਯੂਟਿਊਬ ਚੈਨਲ ਹੈ ਅਤੇ ਇਸਦੇ 701000 ਸਬਸਕ੍ਰਾਈਬਰ ਹਨ। ਇਹ ਮੁੱਖ ਤੌਰ 'ਤੇ ਆਂਧਰ ਪ੍ਰਦੇਸ਼ ਅਤੇ ਤੇਲੰਗਾਨਾ ਦੇ ਖਾਣੇ ਬਣਾਉਣ ਬਾਰੇ ਦੱਸਦਾ ਹੈ। ਇਸਦੇ ਇਲਾਵਾ, ਇਹ ਹੈਦਰਾਬਾਦ ਅਤੇ ਸਿਕੰਦਰਾਬਾਦ ਸ਼ਹਿਰ ਦੇ ਕਾਮਯਾਬ ਸ਼ਹਿਰੀ ਬਗੀਚੀਆਂ ਬਾਰੇ ਵੀ ਦੱਸਦਾ ਹੈ। ਕਾਮਯਾਬ ਕਿਚਨ ਗਾਰਡਨਜ਼ ਦੀ ਵੀਡਿਓ ਬਣਾ ਕੇ ਚੈਨਲ ਉੱਪਰ ਅਪਲੋਡ ਕੀਤੀ ਜਾਂਦੀ ਹੈ ਜਿਸ ਨਾਲ ਕਿ ਬਾਕੀਆਂ ਨੂੰ ਵੀ ਲਾਭ ਪਹੁੰਚੇ। ਇਸ ਤਰ੍ਹਾ, ਜਿੰਨਾਂ ਸ਼ਹਿਰ ਵਾਲਿਆਂ ਨੂੰ ਖੇਤੀ ਕਰਨ ਸੰਬੰਧੀ ਕੋਈ ਜਾਣਕਾਰੀ ਚਾਹੀਦੀ ਹੁੰਦੀ ਹੈ ਉਹ ਚੈਨਲ ਦੇ ਸਰਚ ਬਟਨ 'ਤੇ ਲਿਖ ਕੇ ਸਰਚ ਕਰ ਸਕਦੇ ਹਨ ਜਿਵੇਂ ਛੱਤ ਉੱਪਰ ਬਗੀਚੀ ਲਗਾਉਣਾ ਆਦਿ। |
| 2. ਨੇਚਰਜ਼ ਵਾਇਸ (https://www.youtube.com/c/NaturesVoice) | ਇਹ ਵੀ ਇੱਕ ਤੇਲਗੂ ਯੂਟਿਊਬ ਚੈਨਲ ਹੈ ਜਿਸਦੇ 153000 ਸਬਸਕ੍ਰਾਈਬਰ ਹਨ। ਇਸ ਉਪਰ ਕਾਮਯਾਬ ਸ਼ਹਿਰੀ ਬਗੀਚੀਆਂ ਅਤੇ ਜੈਵਿਕ ਖੇਤੀ ਬਾਰੇ ਵੀਡਿਓ ਅਪਲੋਡ ਕੀਤੇ ਗਏ ਹਨ। |
| 3. ਗਾਰਡਨਸ ਆਫ ਅਬੰਡੈਂਸ (https://www.youtube.com/c/GardensofAbundance) | ਇਹ ਅੰਗਰੇਜ਼ੀ ਵਿੱਚ ਯੂਟਿਊਬ ਚੈਨਲ ਹੈ ਜੋ ਕਿ ਪਰਮਾਕਲਚਰ ਆਧਾਰਿਤ ਸ਼ਹਿਰੀ ਖੇਤੀ ਦੇ ਵੀਡਿਓ ਅਪਲੋਡ ਕਰਦਾ ਹੈ। ਇਸ ਉੱਪਰ ਛੱਤ ਉੱਪਰ ਬਗੀਚੀ, ਬਾਲਕਨੀ ਵਿੱਚ ਬਗੀਚੀ, ਘਰ ਦੇ ਪਿਛਵਾੜੇ ਵਿੱਚ ਬਣਾਏ ਕਾਮਯਾਬ ਸ਼ਹਿਰੀ ਬਗੀਚੀਆਂ ਦੇ ਮਾਡਲਾਂ ਬਾਰੇ ਵੀਡਿਓ ਅਪਲੋਡ ਕੀਤੇ ਜਾਂਦੇ ਹਨ। ਫਰਵਰੀ 2022 ਤੱਕ ਇਸਦੇ 5.32 ਹਜਾਰ ਸਬਸਕ੍ਰਾਈਬਰ ਸਨ। |
| 4. ਕਿਚਨ ਗਾਰਡਨਿੰਗ (https://www.youtube.com / user/greatizhar6) | ਇਸ ਚੈਨਲ ਉੱਪਰ ਬਗੀਚੀ ਲਗਾਉਣ ਬਾਰੇ ਬੁਨਿਆਦੀ ਗੱਲਾਂ ਜਿਵੇਂ ਮਿੱਟੀ ਤਿਆਰ ਕਰਨਾ, ਖਾਦ, ਗਮਲਾ ਤਿਆਰ ਕਰਨਾ ਅਤੇ ਫਸਲ ਲਗਾਉਣਾ ਅਤੇ ਉਸਦੇ ਪ੍ਰਬੰਧਨ ਬਾਰੇ ਵੀਡਿਓ ਪਾਈਆਂ ਜਾਂਦੀਆਂ ਹਨ। ਫਰਵਰੀ 2022 ਤੱਕ ਇਸਦੇ 1.03 ਮਿਲੀਅਨ ਸਬਸਕ੍ਰਾਈਬਰ ਸਨ। |

ਇਹ ਸ਼ਹਿਰੀ ਖੇਤੀ ਵਿੱਚ ਇੱਕ ਕ੍ਰਾਂਤੀ ਲਿਆ ਸਕਦਾ ਹੈ। ਇਹ ਵੀ ਸੰਭਾਵਨਾ ਹੈ ਕਿ ਸ਼ਹਿਰ ਵਿੱਚ ਖੇਤੀ ਕਰਨ ਵਾਲਿਆਂ ਦੇ ਅਜਿਹੇ ਹੋਰ ਵੀ ਵੱਟਸਐਪ ਗਰੁੱਪ ਹੋਣ। ਜਰੂਰਤ ਹੈ ਤਾਂ ਉਹਨਾਂ ਨੂੰ ਪਛਾਣਨ ਦੀ।

**3) ਫੇਸਬੁੱਕ – ਸ਼ਹਿਰੀ ਖੇਤੀ ਲਈ ਜਾਣਕਾਰੀ ਦਾ ਅਸੀਮਤ ਸ੍ਰੋਤ :**

ਹੈਦਰਾਬਾਦ ਅਤੇ ਸਿਕੰਦਰਾਬਾਦ ਦੇ ਜ਼ਿਆਦਾਤਰ ਬਗੀਚੀ ਲਗਾਉਣ ਵਾਲੇ ਇੱਟੀਪੰਤਾ – ਜੈਵਿਕ ਕਿਚਨ/ਟੈਰਸ ਗਾਰਡਨਿੰਗ (https://goo.gl/dr7qPh), ਨਾਮ ਦੇ ਇੱਕ ਫੇਸਬੁੱਕ ਗਰੁੱਪ ਤੋਂ ਸਾਰੀ ਜਾਣਕਾਰੀ ਪ੍ਰਾਪਤ ਕਰਦੇ ਹਨ।ਇਸ ਸਮੂਹ ਵਿੱਚ 40 ਹਜਾਰ ਤੋਂ ਵੱਧ ਮੈਂਬਰ ਹਨ ਅਤੇ ਇਸ ਸਮੂਹ ਵਿੱਚ ਸ਼ਹਿਰੀ ਖੇਤੀ ਨਾਲ ਸੰਬੰਧਿਤ ਜਾਣਕਾਰੀ, ਫ਼ੋਟੋਆਂ, ਵੀਡਿਓ ਆਦਿ ਸਾਂਝੇ ਕੀਤੇ ਜਾਂਦੇ ਹਨ। ਮੈਂਬਰ ਰੋਗ ਜਾਂ ਕੀਟਾਂ ਦੇ ਹਮਲੇ ਦੇ ਸ਼ਿਕਾਰ ਪੌਦਿਆਂ ਦੀਆਂ ਫ਼ੋਟੋਆਂ ਖਿੱਚ ਕੇ ਗਰੁੱਪ ਵਿੱਚ ਪਾਉਂਦੇ ਹਨ ਤਾਂਕਿ ਬਾਕੀ ਮੈਂਬਰ ਉਹਨਾਂ ਨੂੰ ਇਸ ਸਮੱਸਿਆ ਦਾ ਹੱਲ ਸੁਝਾ ਸਕਣ। ਇਸਦੇ ਨਾਲ ਹੀ ਮੈਂਬਰ ਜੈਵਿਕ ਖਾਦਾਂ ਅਤੇ ਕੀਟਨਾਸ਼ਕ ਜਿਵੇਂ ਬਾਇਓ ਐਂਜਾਈਮ ਆਦਿ ਬਣਾਉਣ ਦੇ ਤਰੀਕੇ ਵੀ ਸਾਂਝਾਂ ਕਰਦੇ ਹਨ। ਇਸਦੇ ਇਲਾਵਾ, ਕਿਤੇ ਹੋਰ ਕੀਤੇ ਗਏ ਤਜ਼ਰਬੇ ਵੀ ਗਰੁੱਪ ਵਿੱਚ ਸਾਂਝੇ ਕੀਤੇ ਜਾਂਦੇ ਹਨ ਤਾਂਕਿ ਉਹਨਾਂ ਮੈਂਬਰਾਂ ਨੂੰ ਵੀ ਉਸ ਜਾਣਕਾਰੀ ਦਾ ਲਾਭ ਮਿਲ ਸਕੇ ਜੋ ਉਸ ਤਜ਼ਰਬੇ ਨੂੰ ਕਰਨ ਵੇਲੇ ਉੱਥੇ ਮੌਜੂਦ ਨਹੀਂ ਸਨ।

ਊਟਾ ਫਰਾਮ ਯੂਅਰ ਥੋਟਾ (https://www.facebook.com/ofyt.org) ਇੱਕ ਫੇਸੁੱਕ ਪੇਜ਼ ਹੈ ਅਤੇ ਇਹ ਸ਼ਹਿਰੀ ਜੈਵਿਕ ਖੇਤੀ ਸੰਬੰਧੀ ਵਨ ਸਟਾਪ ਸ਼ਾਪ ਹੈ ਅਤੇ ਇਹ ਜੈਵਿਕ ਖੇਤੀ ਸੰਬੰਧੀ ਵਿਭਿੰਨ ਉੱਦਮਾਂ ਨੂੰ ਇੱਕ ਮੰਚ ਉੱਪਰ ਲਿਆਉਂਦਾ ਹੈ। ਇਸ ਪੇਜ਼ ਦੇ ਲਗਭਗ 15 ਹਜਾਰ ਫਾਲੋਅਰ ਹਨ।

ਕੁੱਝ ਸ਼ਹਿਰੀ ਬਗੀਚੀ ਲਗਾਉਣ ਵਾਲਿਆਂ ਨੇ ਵੀ ਆਪਣੇ ਫੇਸਬੁੱਕ ਪੇਜ਼ ਬਣਾਏ ਹਨ ਜਿਵੇਂ ਸੈਨਿਕਪੁਰੀ ਤੋਂ ਸ਼੍ਰੀਮਤੀ ਵਿਜਯਲਕਸ਼ਮੀ ਨੇ ਆਪਣਾ ਖੁਦ ਦਾ ਫੇਸਬੁੱਕ ਪੇਜ਼ ਬਣਾਇਆ ਹੈ ਜਿਸਦਾ ਨਾਮ ਹੈ MyEdibleGardenIndia ਜਿਸ ਉੱਪਰ ਉਹ ਸ਼ਹਿਰੀ ਖੇਤੀ ਕਰਨ ਲਈ ਲੋੜੀਂਦੇ ਉਤਪਾਦਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਵਿਕਰੀ ਵੀ ਕਰਦੀ ਹੈ। ਇਸਦੇ 1400 ਫਾਲੋਅਰ ਹਨ। ਸ਼੍ਰੀਮਤੀ ਵਿਜਯਲਕਸ਼ਮੀ ਵਧੀਆ ਖੇਤੀ ਵਿਧੀਆਂ ਅਤੇ ਨਵੀਨ ਸ਼ਹਿਰੀ ਖੇਤੀ ਮਾਡਲਾਂ ਬਾਰੇ ਆਪਣੇ ਪੇਜ਼ ਉੱਪਰ ਸਾਂਝਾ ਕਰਦੀ ਹੈ ਅਤੇ ਇਸਦੇ ਨਾਲ ਹੀ ਇੰਟਰਨੈੱਟ 'ਤੇ ਸ਼ਹਿਰੀ ਖੇਤੀ ਸੰਬੰਧੀ ਉੱਪਲਬਧ ਵੀਡਿਓ ਵੀ ਆਪਣੇ ਪੇਜ਼ ਉੱਪਰ ਸਾਂਝਾ ਕਰਦੀ ਹੈ। ਜੋ ਸ਼ਹਿਰੀ ਲੋਕ ਆਪਣੀ ਬਗੀਚੀ ਲਗਾਉਣਾ ਚਾਹੁੰਦੇ ਹਨ ਉਹਨਾਂ ਨੂੰ ਇਸ ਪੇਜ ਤੋਂ ਕਾਫ਼ੀ ਜਾਣਕਾਰੀ ਮਿਲ ਸਕਦੀ ਹੈ। ਇਸ ਪੇਜ ਦਾ ਲਿੰਕ ਹੈ - https://www. facebook.com/ MyEdibleGardenIndia

**4) ਮੈਗਜ਼ੀਨ ਅਤੇ ਵੈੱਬਸਾਈਟ :** ਸੋਸ਼ਲ ਮੀਡੀਆ ਤੋਂ ਇਲਾਵਾ, ਸ਼ਹਿਰੀ ਖੇਤੀ ਨਾਲ ਸੰਬੰਧਿਤ ਬਹੁਤ ਸਾਰੀਆਂ ਡਿਜੀਟਲ ਮੈਗਜ਼ੀਨਾਂ ਅਤੇ ਵੈੱਬਸਾਈਟਾਂ ਹਨ ਜੋ ਕਿ ਇਸ ਸੰਬੰਧੀ ਜਾਣਕਾਰੀ ਉਪਲਬਧ ਕਰਵਾਉਂਦੀਆਂ ਹਨ ਜਿਵੇਂ ਕਿ ਗਾਰਡਨ ਕਲਚਰ ਮੈਗਜ਼ੀਨ, ਅਰਬਨ ਐਗ੍ਰੀਕਲਚਰ ਮੈਗਜ਼ੀਨ, ਅਰਬਨ ਫਾਰਮਿੰਗ ਮੈਗਜ਼ੀਨ ਅਤੇ ਅਰਬਨ ਕਿਸਾਨ ਆਦਿ ਅਜਿਹੀਆਂ ਹੀ ਡਿਜੀਟਲ ਮੈਗਜ਼ੀਨਾਂ ਹਨ।

**ਸ਼ਹਿਰੀ ਖੇਤੀ 'ਤੇ ਉੱਭਰਦੇ ਖੇਤੀ ਸਟਾਰਟਅੱਪ :** ਸ਼ਹਿਰਾਂ ਵਿੱਚ ਸ਼ਹਿਰੀ ਖੇਤੀ ਸੰਬੰਧੀ ਸਟਾਰਟਅੱਪਾਂ ਦੀ ਗਿਣਤੀ ਵਧ ਰਹੀ ਹੈ। ਉਹ ਇਹਨਾਂ ਖੇਤੀ ਕਰਨ ਵਾਲਿਆਂ ਨੂੰਜਾਣਕਾਰੀ ਅਤੇ ਸਲਾਹ ਸੇਵਾਵਾਂ ਦਿੰਦੇ ਹਨ। ਉਦਾਹਰਨ ਲਈ, ਸ਼੍ਰੀ ਪ੍ਰਤੀਕ ਤਿਵਾਰੀ ਦੁਆਰਾ ਸ਼ੁਰੂ ਕੀਤਾ ਲਿਵਿੰਗ ਗ੍ਰੀਨਸ ਆਰਗੈਨਿਕ ਪ੍ਰਾ. ਲਿ. ਘਰ ਦੀ ਛੱਤ, ਪਿਛਵਾੜੇ, ਸਕੂਲ, ਦਫ਼ਤਰ ਦੇ ਆਲੇ-ਦੁਆਲੇ ਸਬਜ਼ੀਆਂ ਅਤੇ ਫਲ ਉਗਾਉਣ ਅਤੇ ਉਹਨਾਂ ਦੇ ਜੈਵਿਕ ਪ੍ਰਬੰਧਨ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਸ਼ਹਿਰ ਵਾਸੀਆਂ ਨੂੰ ਆਪਣੇ ਆਸ-ਪਾਸ ਉਪਲਬਧ ਥਾਵਾਂ 'ਤੇ ਆਪਣਾ ਭੋਜਨ ਆਪ ਉਗਾਉਣ ਲਈ ਪ੍ਰੇਰਿਤ ਕਰਦੇ ਹਨ। ਇਸੇ ਤਰ੍ਹਾਂ, ਸ਼੍ਰੀ ਸਾਈ ਕ੍ਰਿਸ਼ਨਾ ਪੋਕਰੀ ਜੋ ਕਿ ਖੇਤੀ ਸਟਾਰਟ ਅੱਪ ਹੋਮ ਕਾਰਪਸ ਦੇ ਸਹਿ-ਸੰਸਥਾਪਕ ਹਨ, ਸਬਜ਼ੀਆਂ ਅਤੇ ਫਲਾਂ ਦੇ ਬਗੀਚੇ ਉਗਾਉਣ ਅਤੇ ਪ੍ਰਬੰਧਨ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਇਹ ਖੇਤੀ ਨੂੰ ਪ੍ਰੋਤਸ਼ਹਿਤ ਕਰਨ ਲਈ ਬੀਜ, ਜੈਵਿਕ ਖਾਦਾਂ ਅਤੇ ਕੀਟਨਾਸ਼ਕ ਵੀ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਉੱਭਰਦੇ ਸਟਾਰਟ ਅੱਪ ਹਨ ਜਿਵੇਂ ਹਮਸਾ ਵੀ ਅਤੇ ਨਿਤਿਨ ਸਾਗੀ ਦੁਆਰਾ ਬੰਗਲੌਰ ਵਿੱਚ ਸ਼ੁਰੂ ਕੀਤਾ ਗ੍ਰੋਇੰਗ ਗ੍ਰੀਨਸ, ਲਿਨੇਸ਼ ਪਿਲੱਈ ਦੁਆਰਾ ਸ਼ੁਰੂ ਕੀਤਾ ਅਰਬਨ ਫੇਟ ਫਾਰਮਜ਼ ਅਤੇ ਹੈਦਰਾਬਾਦ ਤੋਂ ਹੋਮਕਰਾਪ ਆਦਿ।

> **ਆਪਣਾ ਭੋਜਨ ਖੁਦ ਉਗਾਉਣਾ ਹੁਣ ਇੱਕ ਸ਼ੌਕ ਭਰ ਨਹੀਂ ਰਹਿ ਗਿਆ ਹੈ, ਇਹ ਟਿਕਾਊ ਸ਼ਹਿਰ ਨੂੰ ਯਕੀਨੀ ਬਣਾਉਣ ਲਈ ਜਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ।**

**ਸ਼ਹਿਰੀ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਪ੍ਰੋਗਰਾਮ ਅਤੇ ਸਕੀਮਾਂ :** ਸ਼ਹਿਰੀ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਕੋਈ ਵਿਸ਼ੇਸ਼ ਸਕੀਮਾਂ ਨਹੀਂ ਹਨ। ਹਾਲਾਂਕਿ ਕੇਂਦਰ ਅਤੇ ਰਾਜ ਸਰਕਾਰਾਂ ਦੋਵਾਂ ਨੇ ਕੁੱਝ ਅਜਿਹੇ ਕਦਮ ਚੁੱਕੇ ਹਨ ਤਾਂ ਕਿ ਲੋਕੀਂ ਸ਼ਹਿਰੀ ਖੇਤੀ ਕਰਨ ਲਈ ਪ੍ਰੇਰਿਤ ਹੋਣ। ਉਦਾਹਰਨ ਲਈ, ਪ੍ਰਧਾਨਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦਾ ਉਦੇਸ਼ ਹੈ ਕਿ ਮਿਊਂਸੀਪਲ ਦੇ ਪਾਣੀ ਨੂੰ ਉਪਚਾਰਿਤ ਕਰਕੇ, ਸਾਫ਼ ਕਰਕੇ ਪੇਰੀ-ਸ਼ਹਿਰੀ ਖੇਤੀ ਲਈ ਵਰਤਿਆ ਜਾਵੇ ਅਤੇ ਸਿੰਚਾਈ ਵਿਵਸਥਾ ਵਿੱਚ ਵੱਧ ਤੋਂ ਵੱਧ ਨਿੱਜੀ ਨਿਵੇਸ਼ ਨੂੰ ਆਕ੍ਰਸ਼ਿਤ ਕੀਤਾ ਜਾਵੇ। ਤਮਿਲਨਾਡੂ ਵਿੱਚ ਬਾਗਬਾਨੀ ਅਤੇ ਫਸਲ ਬਿਜਾਈ ਵਿਭਾਗ ਸਬਸਿਡੀ ਮੁੱਲ 'ਤੇ ਸ਼ਹਿਰ ਨਿਵਾਸੀਆਂ ਨੂੰ ਸਬਜ਼ੀਆਂ ਦੀ ਬਗੀਚੀ ਲਗਾਉਣ ਦੀ ਕਿੱਟ ਪ੍ਰਦਾਨ ਕਰਦਾ ਹੈ। ਇਸ ਪਹਿਲ ਨੂੰ ਆਪਣੇ -ਆਪ ਕਰੋ (ਣਜ਼ਢ) ਨਾਮ ਨਾਲ ਜਾਣਿਆ ਜਾਂਦਾ ਹੈ। ਇੱਕ ਖਪਤਕਾਰ ਰਾਜ ਹੋਣ ਦੇ ਨਾਤੇ ਕੇਰਲ ਨੇ ਵੀ ਸਬਜ਼ੀਆਂ ਦੀ ਕਾਸ਼ਤ ਵਧਾਉਣ ਲਈ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿੱਚ ਉਸਨੇ ਆਪਣੇ ਨਾਗਰਿਕਾਂ ਨੂੰ ਗ੍ਰੋ ਬੈਗ, ਸਬਜ਼ੀਆਂ ਦੀ ਪਨੀਰੀ ਆਦਿ ਸਪਲਾਈ ਕਰਕੇ ਘਰ ਵਿੱਚ, ਘਰ ਦੀ ਛੱਤ ਉੱਪਰ ਬਗੀਚੀ ਲਗਾਉਣ ਲਈ ਪ੍ਰੇਰਿਤ ਕੀਤਾ ਹੈ ਤਾਂਕਿ ਉਹ ਆਪਣੀ ਲੋੜ ਦੀਆਂ ਸਬਜ਼ੀਆਂ ਉਗਾ ਸਕਣ। ਇਸੇ ਤਰ੍ਹਾਂ, ਹੋਰ ਵੀ ਰਾਜ ਆਪਣੇ ਲੋਕਾਂ ਨੂੰ ਸਬਸਿਡੀ ਮੁੱਲ 'ਤੇ ਸਬਜ਼ੀਆਂ ਉਗਾਉਣ ਦੀ ਕਿੱਟ ਉਪਲਬਧ ਕਰਵਾ ਰਹੇ ਹਨ।

**ਸੈਂਟਰ ਫਾਰ ਜੈਂਡਰ ਇਨ ਐਗ੍ਰੀਕਲਚਰ, ਨਿਊਟ੍ਰਿਸ਼ਨਲ ਸਕਿਓਰਿਟੀ ਐਂਡ ਅਰਬਨ ਐਗ੍ਰੀਕਲਚਰ:** ਖਾਧ ਅਤੇ ਭੋਜਨ ਸੁਰੱਖਿਆ ਯਕੀਨੀ ਬਣਾਉਣ ਵਿੱਚ ਸ਼ਹਿਰੀ ਖੇਤੀ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦਿਆਂ ਰਾਸ਼ਟਰੀ ਖੇਤੀ ਵਿਸਤਾਰ ਸੰਸਥਾਨ ਪ੍ਰਬੰਧਨ (MANAGE) ਨੇ ਸੈਂਟਰ ਫਾਰ ਜੈਂਡਰ ਇਨ ਐਗ੍ਰੀਕਲਚਰ, ਨਿਊਟ੍ਰਿਸ਼ਨਲ ਸਕਿਓਰਿਟੀ ਐਂਡ ਅਰਬਨ



**ਸ਼ਹਿਰੀ ਬਾਗਬਾਨੀ ਕਰਨ ਵਾਲੇ ਆਪਣੇ ਤਜ਼ਰਬੇ ਸੋਸ਼ਲ ਮੀਡੀਆ ਉੱਪਰ ਸਾਂਝਾ ਕਰਦੇ ਹਨ।**

ਐਗ੍ਰੀਕਲਚਰ ਸ਼ੁਰੂ ਕੀਤਾ ਹੈ। ਇਹ ਸੈਂਟਰ ਜੋ ਲੋਕ ਸ਼ਹਿਰੀ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਵਿੱਚ ਲੱਗੇ ਹੋਏ ਹਨ, ਉਹਨਾਂ ਦੇ ਸਮਰੱਥਾ ਨਿਰਮਾਣ ਅਤੇ ਕੁਸ਼ਲਤਾ ਵਿਕਾਸ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਆਯੋਜਿਤ ਕਰਦਾ ਹੈ। ਖੇਤੀ ਕਰਨ ਵਾਲਿਆਂ ਲਈ ਸ਼ਹਿਰੀ ਖੇਤੀ ਉੱਪਰ ਈ-ਬੁੱਕ ਅਤੇ ਚਰਚਾ ਪੱਤਰ ਜਾਣਕਾਰੀ ਦੇ ਚੰਗੇ ਸ੍ਰੋਤ ਹਨ। ਇਸ ਤੋ. ਇਲਾਵਾ ਕੇਂਦਰ ਨੇ ਮੈਨੇਜ ਵਿਖੇ (7ਐਮ * 7 ਐਮ) ਦਾ ਸਬਜ਼ੀਆਂ ਦੀ ਬਗੀਚੀ ਦਾ ਇੱਕ ਮਾਡਲ ਤਿਆਰ ਕੀਤਾ ਹੈ। ਇਹ ਮਾਡਲ ਮੈਨੇਜ ਵਿੱਚ ਆਉਣ ਵਾਲੇ ਸਿਖਿਆਰਥੀਆਂ ਨੂੰ ਅਤੇ ਦੇਸ਼ ਭਰ ਤੋਂ ਆਉਣ ਵਾਲੇ ਲੋਕਾਂ ਨੂੰ ਸ਼ਹਿਰ ਵਿੱਚ ਸਬਜ਼ੀਆਂ ਉਗਾਉਣ ਦੀ ਸੰਭਾਵਨਾ ਬਾਰੇ ਜਾਗਰੂਕਤਾ ਲਿਆਉਂਦਾ ਹੈ।

**ਅਸਰ ਅਤੇ ਅੱਗੇ ਦਾ ਰਸਤਾ :** ਸ਼ਹਿਰੀ ਖੇਤੀ ਨੇ ਸ਼ਹਿਰ ਵਾਸੀਆਂ ਦੇ ਜੀਵਨ ਨੂੰ ਕਈ ਤਰ੍ਹਾ ਨਾਲ ਪ੍ਰਭਾਵਿਤ ਕੀਤਾ ਹੈ। ਕਿਉਂਕਿ ਸ਼ਹਿਰ ਵਾਸੀ ਬਦਲਦੇ ਜ਼ਿੰਦਗੀ ਦੇ ਤੌਰ-ਤਰੀਕਿਆਂ ਅਤੇ ਖਾਣ-ਪੀਣ ਦੀਆਂ ਆਦਤਾਂ ਕਰਕੇ ਆਪਣੀ ਸਿਹਤ ਬਾਰੇ ਸੁਚੇਤ ਹਨ, ਉਹ ਸਬਜ਼ੀਆਂ ਅਤੇ ਹੋਰ ਫਸਲਾਂ ਨੂੰ ਜੈਵਿਕ ਤਰੀਕਿਆਂ ਨਾਲ ਉਗਾਉਣ ਬਾਰੇ ਜਾਣਕਾਰੀ ਇਕੱਠੀ ਕਰਦੇ ਹਨ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਖੇਤੀ ਕਰਨ ਵਾਲਿਆਂ ਵਿੱਚ ਤਣਾਅ ਘਟਦਾ ਹੈ ਅਤੇ ਬਲੱਡ ਪ੍ਰੈਸ਼ਰ ਨਿਯੰਤ੍ਰਨ ਵਿੱਚ ਰਹਿੰਦਾ ਹੈ ਅਤੇ ਸ਼ੂਗਰ ਪੱਧਰ ਵੀ ਸਹੀ ਰਹਿੰਦਾ ਹੈ।

ਅਧਿਐਨ ਦਿਖਾਉਂਦਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਸ਼ਹਿਰੀ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਜਾ ਰਹੇ ਹਨ। ਹਾਲਾਂਕਿ ਮੀਡੀਆ, ਸੋਸ਼ਲ ਮੀਡੀਆ ਅਤੇ ਖੇਤੀ ਸਟਾਰਟ ਅੱਪ ਸ਼ਹਿਰੀ ਖੇਤੀ ਸੰਬੰਧੀ ਜਾਣਕਾਰੀ ਉਪਲਬਧ ਕਰਵਾਉਣ ਦੇ ਦੇ ਮਹੱਤਵਪੂਰਨ ਸ੍ਰੋਤ ਹਨ।

ਸ਼ਹਿਰੀ ਖੇਤੀ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦਿਆਂ ਸ਼ਹਿਰਾਂ ਵਿੱਚ ਜਿੱਥੇ ਵੀ ਸੰਭਵ ਹੋਵੇ, ਸਮੁਦਾਇਕ ਬਗੀਚਿਆਂ ਨੂੰ ਪ੍ਰੋਤਸ਼ਾਹਿਤ ਕਰਨ ਦੀ ਜਰੂਰਤ ਹੈ। ਇਸਦੇ ਲਈ ਹੈਦਰਾਬਾਦ ਸ਼ਹਿਰ ਦੇ ਮਾਮਲੇ ਵਿੱਚ ਸ਼ਹਿਰ ਨਗਰ ਨਿਗਮ, ਗ੍ਰੇਟਰ ਹੈਦਰਾਬਾਦ ਨਗਰ ਨਿਗਮ ਨੂੰ ਸ਼ਹਿਰੀ ਖੇਤੀ ਡਿਵੀਜ਼ਨ ਜਾਂ ਬਾਗਬਾਨੀ ਵਿਭਾਗ ਦੇ ਯਤਨਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਸਕੂਲਾਂ ਵਿੱਚ ਬਾਗਬਾਨੀ ਕਰਕੇ ਸਕੂਲ ਦੇ ਬੱਚਿਆਂ ਦੀ ਦਿਲਚਸਪੀ ਖੇਤੀ ਵਿੱਚ ਵਧਾਈ ਜਾ ਸਕਦੀ ਹੈ।

ਇਸਦੇ ਨਾਲ ਹੀ ਸਾਨੂੰ ਅਜਿਹੇ ਕਿਸਾਨਾਂ ਦੀ ਪਛਾਣ ਕਰਨ ਦੀ ਜਰੂਰਤ ਹੈ ਜੋ ਪਿੰਡਾਂ ਤੋਂ ਪਲਾਇਨ ਕਰਕੇ ਸ਼ਹਿਰਾਂ ਨੂੰ ਆਏ ਹਨ ਅਤੇ ਸਮੁਦਾਇਕ ਬਗੀਚਿਆਂ ਨੂੰ ਪ੍ਰੋਤਸ਼ਾਹਿਤ ਕਰਨ ਵਿੱਚ ਉਹਨਾਂ ਦੇ ਤਜ਼ਰਬਿਆਂ ਦਾ ਲਾਭ ਲੈਣਾ ਚਾਹੀਦਾ ਹੈ। ਉਹਨਾਂ ਨੂੰ ਸ਼ਹਿਰੀ ਖੇਤੀ ਪਹਿਲ ਦੇ ਤਹਿਤ ਬੀਜਾਂ ਦੇ ਨਾਲ ਮੁਫ਼ਤ ਸ਼ਹਿਰੀ ਖੇਤੀ ਕਿੱਟ ਦਿੱਤੀ ਜਾ ਸਕਦੀ ਹੈ। ਸ਼ਹਿਰੀ ਆਬਾਦੀ ਨੂੰ ਆਪਣੇ ਭੋਜਨ ਨੂੰ ਆਪ ਉਗਾਉਣ ਦੇ ਮਹੱਤਵ ਨੂੰ ਸਮਝਾਉਣ ਅਤੇ ਇਸ ਲਈ ਪ੍ਰੇਰਿਤ ਕਰਨ ਲਈ ਸ਼ਹਿਰੀ ਖੇਤੀ ਵਿਸਤਾਰ ਸਲਾਹਕਾਰ ਸੇਵਾਵਾਂ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ।

**ਸੰਦਰਭ**

ਸ਼ਰਮਾ ਏ. (2019) ਗਰੀਬਾਂ ਦੇ ਸ਼ਹਿਰ : ਭਾਰਤ ਵਿੱਚ ਸ਼ਹਿਰੀ ਗਰੀਬੀ ਉੱਪਰ ਇੱਕ ਨਜ਼ਰ। ਟਾਈਮਜ਼ ਆਫ ਇੰਡੀਆ- **https://timesofindia.indiatimes.com/blogs/in-the-name-ofdevelopment/cities-of-the-poor-a-view-on-urban poverty-in-india/**

**ਵਿਨਸੈਂਟ ਏ.**
ਸਲਾਹਕਾਰ
ਜਲਵਾਯੂ ਪਰਿਵਾਤਨ ਅਤੇ ਅਨੁਕੂਲਨ ਕੇਂਦਰ (ਸੀ ਸੀ ਏ)
ਰਾਸ਼ਟਰੀ ਖੇਤੀ ਵਿਸਤਾਰ ਸੰਸਥਾਨ ਪ੍ਰਬੰਧਨ (ਮੈਨੇਜ)
ਰਾਜੇਂਦਰ ਨਗਰ, ਹੈਦਰਾਬਾਦ, ਤੇਲੰਗਾਨਾ, ਭਾਰਤ
ਈਮੇਲ :- vincentvinil15@gmail.com

**ਸਰਵਨਨ ਰਾਜ**
ਡਾਇਰੈਕਟਰ (ਖੇਤੀਬਾੜੀ ਵਿਸਥਾਰ)
ਰਾਸ਼ਟਰੀ ਖੇਤੀ ਵਿਸਤਾਰ ਸੰਸਥਾਨ ਪ੍ਰਬੰਧਨ (ਮੈਨੇਜ)
ਰਾਜੇਂਦਰ ਨਗਰ, ਹੈਦਰਾਬਾਦ, ਤੇਲੰਗਾਨਾ, ਭਾਰਤ
ਈਮੇਲ:- saravanan.raj@manage.gov.in
saravananraj@hotmail.com

**Knowledge management for urban agriculture**
***Leveraging the lessons learned***
**LEISA INDIA, March 2022**

# ਘਰ ਦੀ ਫਸਲ

## *ਇੱਕ ਸਿੱਖਿਅਕ ਅਦਾਰੇ ਵਿੱਚ ਖਾਧ ਸੁਰੱਖਿਆ ਲਿਆਉਣਾ*

***ਦੇਬੋਰਾ ਦੱਤਾ ਅਤੇ ਅੰਮ੍ਰਿਤਾ ਬੀ ਹਾਜਰਾ***

ਸ਼ਹਿਰੀ ਥਾਵਾਂ ਨੂੰ ਨਵੀਨ ਢੰਗਾਂ ਨਾਲ ਭੋਜਨ ਉਤਪਾਦਨ ਲਈ ਵਰਤਿਆ ਜਾ ਸਕਦਾ ਹੈ। ਇਹ ਸ਼ਹਿਰ ਵਾਸੀਆਂ ਨੂੰ ਭੋਜਨ ਪ੍ਰਣਾਲੀ ਅਤੇ ਜ਼ਮੀਨ ਨਾਲ ਆਪਣੇ ਸੰਬੰਧਾਂ 'ਤੇ ਮੁੜ ਵਿਚਾਰ ਕਰਨ ਵਿੱਚ ਮੱਦਦ ਕਰ ਸਕਦਾ ਹੈ। ਸਿੱਖਿਅਕ ਅਦਾਰੇ ਖਾਧ ਸੁਰੱਖਿਆ ਨੂੰ ਪਾਠਕ੍ਰਮ ਦੇ ਨਾਲ-ਨਾਲ ਆਊਟਰੀਚ ਗਤੀਵਿਧੀਆਂ ਦਾ ਅਟੁੱਟ ਅੰਗ ਬਣਾਉਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦੇ ਹਨ। ਆਈ ਆਈ ਟੀ ਗਾਂਧੀਨਗਰ ਜੈਵਿਕ ਖੇਤ ਸ਼ਹਿਰੀ ਅਤੇ ਪੇਰੀ-ਸ਼ਹਿਰੀ ਸਥਾਨਾਂ ਵਿੱਚ ਸਮੁਦਾਇ ਸੰਚਾਲਿਤ ਅਤੇ ਸਥਾਨਕ ਸਹਿਯੋਗ ਪ੍ਰਾਪਤ ਖੇਤੀ ਦੀਆਂ ਸੰਭਾਵਨਾਵਾਂ ਦਾ ਇੱਕ ਪ੍ਰਮਾਣ ਹੈ।

**ਖੇਤ ਵਿੱਚ ਸਬਜ਼ੀਆਂ ਉਗਾਉਣ ਵਿੱਚ ਸਹਾਇਕਾਂ ਅਤੇ ਵਲੰਟੀਅਰਾਂ ਨੇ ਪ੍ਰਮੁੱਖ ਭੂਮਿਕਾ ਨਿਭਾਈ ਹੈ।**



"ਇਹ ਗੰਢ ਗੋਭੀ ਹੈ, ਇਹ ਮੇਥੀ ਹੈ, ਵਿਚਕਾਰ ਪਾਲਕ, ਧਨੀਆ ਹੈ। ਦੇਖੋ, ਇਹ ਲਾਲ ਗਾਜਰਾਂ ਹਨ, ਉਹ ਸ਼ਲਗਮ ਹਨ ਅਤੇ ਉਹ ਚੁਕੰਦਰ ਹਨ......' ਖੇਤ ਵਿੱਚ ਚੱਲਦਿਆਂ ਸ਼ਾਂਤੂ ਪਿੰਡੋਰੀਆ ਦੱਸਦੀ ਚਲੀ ਜਾਂਦੀ ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸ਼ਾਂਤੂ ਪਿੰਡੋਰੀਆ ਖੇਤ ਉੱਪਰ ਲੱਗੇ ਹਰ ਪੌਦੇ ਬਾਰੇ ਜਾਣਦੀ ਹੈ।ਮੈਂ ਉਸਦੇ ਪਿੱਛੇ-ਪਿੱਛੇ ਚੱਲ ਰਹੀ ਸੀ ਅਤੇ ਉਹ ਖੇਤ ਵਿੱਚ ਘੁੰਮਦਿਆਂ ਮੈਨੂੰ ਖੇਤ ਵਿੱਚ ਲੱਗੇ ਸਾਰੇ ਪੌਦਿਆਂ ਬਾਰੇ ਦੱਸ ਰਹੀ ਸੀ।

ਸਾਡੀ ਸ਼ਾਂਤੂ ਨਾਲ ਈਮੇਲ ਰਾਹੀ ਜਾਣ-ਪਛਾਣ ਹੋਈ ਸੀ ਕਿ ਕੋਈ ਆਈ ਆਈ ਟੀ ਗਾਂਧੀਨਗਰ ਕੈਂਪਸ ਵਿੱਚ ਸਬਜ਼ੀਆਂ ਉਗਾ ਰਿਹਾ ਹੈ। ਅਸੀਂ ਇਹ ਸਭ ਦੇਖਣ ਲਈ ਬੜੇ ਉਤਸਕ ਸੀ। ਅਸੀਂ ਸਰਦੀਆਂ ਦੀ ਇੱਕ ਧੁੱਪ ਵਾਲੀ ਸਵੇਰ ਸ਼ਨੀਵਾਰ ਨੂੰ ਉੱਥੇ ਪੁੱਜੇ, ਜਿੱਥੇ ਸੜਕ ਕਿਨਾਰੇ ਲੱਗੇ ਪੌਦਿਆਂ ਦੇ ਪੱਤੇ ਭੂਰੇ ਹੋ ਗਏ ਸਨ, ਉੱਥੇ ਹੀ ਅਸੀਂ ਫਲਾਂ ਦੇ ਰੁੱਖਾਂ ਅਤੇ ਫੁੱਲਦਾਰ ਪੌਦਿਆਂ ਦੀਆਂ ਕਤਾਰਾਂ ਦੇ ਵਿਚਕਾਰ ਹਰੀਆਂ, ਪੱਤੇਦਾਰ ਸਬਜ਼ੀਆਂ ਦੇਖ ਕੇ ਹੈਰਾਨ ਰਹਿ ਗਏ। ਸੁਹੰਜਨਾ ਦੇ ਰੁੱਖ ਨਰਮ ਫਲੀਆਂ ਨਾਲ ਲੱਦੇ ਹੋਏ ਸਨ ਅਤੇ ਮਧੂਮੱਖੀਆਂ ਅਤੇ ਪੰਛੀ ਇਸਦੇ ਫੁੱਲਾਂ ਦੁਆਲੇ ਮੰਡਰਾ ਰਹੇ ਸਨ।ਮੈਂ ਇਹ ਜਾਣਨਾ ਚਾਹੁੰਦੀ ਸੀ ਕਿ ਇਹ ਜੈਵਿਕ ਖੇਤ ਕਿਵੇਂ ਸ਼ੁਰੂ ਹੋਇਆ।

**ਆਮ ਸ਼ੁਰੂਆਤ :** ਸ਼੍ਰੀਮਤੀ ਸ਼ਾਂਤੂ ਪਿੰਡੋਰੀਆ ਕੋਲ ਖੇਤੀ ਦਾ ਕੋਈ ਰਸਮੀ ਵਿਦਿਅਕ ਅਨੁਭਵ ਨਹੀਂ ਸੀ। ਆਈ ਆਈ ਟੀ ਗਾਂਧੀਨਗਰ ਦੇ ਇੱਕ ਫੈਕਲਟੀ ਮੈਂਬਰ ਦੀ ਜੀਵਨ ਸਾਥੀ ਦੇ ਰੂਪ ਵਿੱਚ ਉਹ ਹਮੇਸ਼ਾ ਸਮਾਜਿਕ ਉੱਦਮਾਂ ਅਤੇ ਬਾਹਰੀ ਗਤੀਵਿਧੀਆਂ ਵਿੱਚ ਦਿਲਚਸਪੀ ਰੱਖਦੀ ਸੀ। 2016 ਵਿੱਚ, ਜਦੋਂ ਕੈਂਪਸ ਬਣ ਰਿਹਾ ਸੀ, ਉਸ ਸਮੇਂ ਦੇ ਨਿਰਦੇਸ਼ਕ ਕੈਂਪਸ ਵਿੱਚ ਕੁੱਝ ਜਗ੍ਹਾ ਭੋਜਨ ਪ੍ਰਦਾਨ ਕਰਨ ਵਾਲੇ ਪੌਦਿਆਂ ਦੀ ਬਗੀਚੀ ਲਗਾਉਣ ਲਈ ਰੱਖਣ ਦੇ ਚਾਹਵਾਨ ਸਨ। ਕਈ ਗੈਰ-ਰਸਮੀ ਚਰਚਾਵਾਂ ਹੋਈਆਂ ਅਤੇ ਅੰਤ ਵਿੱਚ ਉਹਨਾਂ ਨੂੰ ਛੋਟੇ ਪੱਧਰ 'ਤੇ ਇਸ ਪਹਿਲ ਦੀ ਸ਼ੁਰੂਆਤ ਕਰਨ ਲਈ ਕਿਹਾ ਗਿਆ।

'ਇਹ ਇੱਕ ਆਮ ਜਿਹੀ ਗੱਲਬਾਤ ਸੀ....... ਕੁੱਝ ਫੈਕਲਟੀ ਮੈਂਬਰਾਂ ਨੂੰ ਪਤਾ ਸੀ ਕਿ ਮੈਨੂੰ ਘਰੇਲੂ ਬਗੀਚੀ, ਫੁੱਲ-ਬੂਟੇ ਲਗਾਉਣ ਦਾ ਬਹੁਤ ਸ਼ੌਕ ਹੈ ਅਤੇ ਉਹਨਾਂ ਨੇ ਮੈਨੂੰ ਇਸਨੂੰ ਛੋਟੇ ਪੱਧਰ 'ਤੇ ਕਰਨ ਲਈ ਕਿਹਾ ਅਤੇ ਕਿਹਾ ਕਿ ਦੇਖੋ ਕਿ ਕੀ ਇਹ ਕੰਮ ਕਰਦਾ ਹੈ। ਇਸ ਲਈ ਇਹ ਸਭ ਇੱਕ 30*30 ਫ਼ੁੱਟ ਦੀ ਜਗ੍ਹਾ ਉੱਪਰ ਸ਼ੁਰੂ ਹੋਇਆ।' ਸ਼ਾਂਤੂ ਪਿੰਡੋਰੀਆ ਦੱਸਦੀ ਹੈ।

ਸ਼ਾਂਤੂ ਨੇ ਸ਼ੁਰੂ ਵਿੱਚ ਬੈਂਗਣ, ਮਿਰਚਾਂ ਅਤੇ ਟਮਾਟਰ ਉਗਾਏ ਜੋ ਕਿ ਅਰਧ-ਖੁਸ਼ਕ ਅਤੇ ਗਰਮ ਤਾਪਮਾਨ ਨੂੰ ਸਹਿ ਸਕਦੇ ਸਨ। ਉਸਨੇ ਆਨਲਾਈਨ ਉਪਲਬਧ ਵੀਡਿਓ ਅਤੇ ਲੇਖ ਆਦਿ ਦੇਖੇ। ਉਹ ਸਥਾਨਕ ਖੇਤੀ ਮੇਲੇ (ਕਿਸਾਨ ਮੇਲਿਆਂ) ਵਿੱਚ ਵੀ ਹਿੱਸਾ ਲੈਣ ਗਈ ਤਾਂਕਿ ਉਹ ਖੇਤੀ ਦੀਆਂ ਤਕਨੀਕਾਂ, ਜੈਵਿਕ ਉਤਪਾਦਾਂ, ਬੀਜਾਂ ਦੀ ਗੁਣਵੱਤਾ ਅਤੇ ਅਜਿਹੀਆਂ ਹੀ ਹੋਰ ਸਬੰਧਿਤ ਗੱਲਾਂ ਬਾਰੇ ਜਾਣ ਸਕੇ, ਜਿੰਨਾਂ ਬਾਰੇ ਉਸਨੇ ਪਹਿਲਾਂ ਵਿਚਾਰ ਨਹੀਂ ਕੀਤਾ ਸੀ। ਉਹ ਯਾਦ ਕਰਦਿਆਂ ਦੱਸਦੀ ਹੈ ਕਿ ਆਸ-ਪਾਸ ਦੇ ਇਲਾਕਿਆਂ ਵਿੱਚ ਬਹੁਤ ਹੀ ਥੋੜ੍ਹੇ ਕਿਸਾਨ ਹਨ ਜੋ ਜੈਵਿਕ ਖੇਤੀ ਕਰਦੇ ਹਨ। ਇਸਲਈ ਉਸਨੇ ਇਸ ਬਾਰੇ ਪੜ੍ਹਨਾ ਸ਼ੁਰੂ ਕੀਤਾ ਅਤੇ ਹੋਰ ਦੂਸਰੇ ਰਾਜਾਂ ਦੇ ਜੈਵਿਕ ਖੇਤੀ ਦੇ ਮਾਹਿਰਾਂ ਅਤੇ ਕਿਸਾਨਾਂ ਤੋਂ ਸਲਾਹ ਲਈ।

ਸੰਸਥਾਨ ਵਿੱਚ ਇਹ ਖੇਤ 2016 ਵਿੱਚ ਸ਼ੁਰੂ ਹੋਇਆ ਸੀ।ਸੰਸਥਾਨ ਨੇ ਉਸਾਰੀ ਦੇ ਮਲਬੇ ਨੂੰ ਹਟਾਉਣ ਵਿੱਚ, ਜ਼ਮੀਨ ਪੱਧਰੀ ਕਰਨ ਵਿੱਚ ਅਤੇ ਜ਼ਮੀਨ ਨੂੰ ਤਿਆਰ ਕਰਨ ਲਈ ਸ਼ੁਰੂਆਤ ਵਿੱਚ ਆਰਥਿਕ ਸਹਾਇਤਾ ਦਿੱਤੀ। ਸੰਸਥਾਨ ਨੇ ਜੁਤਾਈ, ਬਿਜਾਈ, ਪੌਦ ਲਗਾਉਣ, ਗੁਡਾਈ ਅਤੇ ਵਾਢੀ ਆਦਿ ਕੰਮਾਂ ਨੂੰ ਕਰਨ ਲਈ ਸਥਾਨਕ ਨਰਸਰੀਆਂ ਤੋਂ ਕੁੱਝ ਸਹਾਇਕ ਵੀ ਉਸਦੀ ਮੱਦਦ ਲਈ ਨਿਯੁਕਤ ਕੀਤੇ।

ਸ਼ਾਂਤੂ ਖੇਤ ਨੂੰ ਜਿੰਨਾ ਸੰਭਵ ਹੋ ਸਕੇ ਟਿਕਾਊ ਅਤੇ ਆਤਮ-ਨਿਰਭਰ ਬਣਾਉਣਾ ਚਾਹੁੰਦੀ ਸੀ ਇਸਲਈ ਉਸਨੇ ਇਹ ਫੈਸਲਾ ਕੀਤਾ ਕਿ ਜ਼ਿਆਦਾਤਰ ਇਨਪੁਟ ਉਹ ਖੇਤ ਉੱਪਰ ਉਪਲਬਧ ਸਮੱਗਰੀ ਤੋਂ ਹੀ ਬਣਾਏਗੀ। ਉਹ ਅੱਗੇ ਦੱਸਦੀ ਹੈ, '......ਅਸੀ ਇਸ ਇਲਾਕੇ ਵਿੱਚ ਉਪਲਬਧ ਪੌਦਿਆਂ ਨੂੰ ਵਰਤ ਕੇ ਕੀਟਾਂ ਨੂੰ ਨਿਯੰਤ੍ਰਣ ਕਰਨ ਲਈ ਕੀਟਨਾਸ਼ਕ ਬਣਾਉਂਦੇ ਹਾਂ। ਜ਼ਿਆਦਾਤਰ ਅਸੀਂ ਜੀਵ ਅੰਮ੍ਰਿਤ ਅਤੇ ਦਸਪਰਨੀ ਬਣਾਉਂਦੇ ਹਾਂ। ਅਸੀਂ ਬੀਜ ਅੰਮ੍ਰਿਤ ਵੀ ਬਣਾਉਂਦੇ ਹਾਂ। (ਦੇਖੋ ਬਾਕਸ 1) ਰਹਿੰਦ-ਖੂੰਹਦ ਦੀ ਖਾਦ ਤੋਂ ਸਾਨੂੰ ਇੱਕ ਤਰਲ ਵੀ ਮਿਲਦਾ ਹੈ। ਅਸੀਂ ਉਸਦੀ ਵੀ ਸਪ੍ਰੇਅ ਕਰਨ ਲਈ ਵਰਤੋਂ ਕਰਦੇ ਹਾਂ। ਅਸੀ ਪੌਦਿਆਂ ਨੂੰ ਪੋਸ਼ਣ ਦੇਣ ਲਈ ਜੀਵ ਅੰਮ੍ਰਿਤ ਵਰਤਦੇ ਹਾਂ, ਕੀਟਾਂ ਨੂੰ ਦੂਰ ਰੱਖਣ ਲਈ ਦਸਪਰਨੀ ਅਤੇ ਉੱਲੀ ਰੋਗਾਂ ਨੂੰ ਦੂਰ ਰੱਖਣ ਲਈ ਖੱਟੀ ਲੱਸੀ ਦੀ ਵਰਤੋਂ ਕਰਦੇ ਹਾਂ। ਫੁੱਲਾਂ ਲਈ ਅਸੀਂ ਦੁੱਧ ਅਤੇ ਗੁੜ ਦੇ ਮਿਸ਼ਰਣ ਦੀ ਸਪ੍ਰੇਅ ਕਰਦੇ ਹਾਂ। ਤਿੰਨ ਸਾਲਾਂ ਵਿੱਚ ਇੱਕ ਵਾਰ, ਅਸੀਂ ਖੇਤ ਵਿੱਚ ਰੂੜੀ ਦੀ ਖਾਦ ਪਾਉਂਦੇ ਹਾਂ। ਇਹੀ ਸਾਡਾ ਸਭ ਤੋਂ ਵੱਡਾ ਖਰਚਾ ਹੈ।

ਪਹਿਲੇ ਛੇ ਮਹੀਨਿਆਂ ਵਿੱਚ ਖੇਤ ਉੱਪਰ ਹੋਣ ਵਾਲੀਆਂ ਵਿਭਿੰਨ ਗਤੀਵਿਧੀਆਂ ਲਈ ਉਹਨਾਂ ਨੇ 40 ਹਜਾਰ ਰੁਪਏ ਖਰਚ ਕੀਤੇ। ਕੈਂਪਸ ਵਿੱਚ ਸਟਾਫ ਮੈਂਬਰਾਂ ਨੂੰ 3 ਤੋ. 4 ਹਜਾਰ ਤੱਕ ਦੀਆਂ ਸਬਜ਼ੀਆਂ ਵੇਚੀਆਂ ਗਈਆਂ।

**ਭੋਜਨ ਉਗਾਉਣਾ ਅਤੇ ਸਮੁਦਾਇ ਦਾ ਨਿਰਮਾਣ ਕਰਨਾ :** ਆਪਣੀ ਛੋਟੀ ਸ਼ੁਰੂਆਤ ਤੋਂ ਹੁਣ ਇਹ ਖੇਤ 2022 ਵਿੱਚ ਅੱਠ ਏਕੜ ਵਿੱਚ ਫੈਲ ਗਿਆ ਹੈ। ਚਾਰ ਏਕੜ ਵਿੱਚ ਸਬਜ਼ੀਆਂ ਅਤੇ ਜੜ੍ਹੀ-ਬੂਟੀਆਂ ਵਾਲੇ ਪੌਦਿਆਂ ਦੀ ਖੇਤੀ ਹੁੰਦੀ ਹੈ ਅਤੇ ਬਾਕੀ ਵਿੱਚ ਫਲਦਾਰ ਰੁੱਖ ਲਗਾਏ ਗਏ ਹਨ। ਸ਼ਾਂਤੂ ਜ਼ਮੀਨ ਉੱਪਰ ਕਾਸ਼ਤ ਅਤੇ ਸੰਭਾਲ ਦਾ ਕੰਮ 7 ਸਹਾਇਕਾਂ ਦੀ ਮੱਦਦ ਨਾਲ ਕਰਦੀ ਹੈ।

ਸ਼ਾਂਤੂ ਜਗ੍ਹਾ ਦਾ ਸਰਵਉੱਤਮ ਇਸਤੇਮਾਲ ਕਰਨ ਲਈ ਬਹੁ-ਪੱਧਰੀ ਫਸਲ ਪ੍ਰਣਾਲੀ ਦੀ ਪਾਲਣਾ ਕਰਦੀ ਹੈ ਜਿਸ ਵਿੱਚ ਉਹ ਰੁੱਖਾਂ ਵਿਚਕਾਰ ਖਾਲੀ ਜਗ੍ਹਾ ਵਿੱਚ ਮਿਸ਼ ਿਤ ਖੇਤੀ ਪ੍ਰਣਾਲੀ ਤਕਨੀਕਾਂ ਨਾਲ ਥੋੜੇ ਸਮੇਂ ਲੈਣ ਵਾਲੀ ਫਸਲ ਨੂੰ ਉਗਾਉਂਦੀ ਹੈ। ਉਹ ਦੱਸਦੀ ਹੈ, 'ਸਾਡੇ ਕੋਲ ਅੰਬ, ਸੀਤਾਫਲ, ਚੀਕੂ, ਮੁਸੰਮੀ, ਸੰਤਰਾ, ਜਾਮਨ, ਡ੍ਰੈਗਨ ਫਲ, ਬੈਰੀਜ਼, ਜਾਮਨੀ ਬੈਰੀਜ਼, ਨਿੰਬੂ, ਐਵੋਕਾਡੋ ਆਦਿ ਸਭ ਰੁੱਖ ਲਗਾਏ ਹੋਏ ਹਨ। ਸਾਡੇ ਕੋਲ ਕੁੱਲ 1400 ਰੁੱਖ ਹਨ।'

**ਬਾਕਸ 1 ਜੈਵਿਕ ਇਨਪੁਟ**

**ਜੀਵਅੰਮ੍ਰਿਤ ਇੱਕ ਤਰਲ ਜੀਵਾਣੂ ਖਾਦ ਹੈ। ਇਹ ਪਾਣੀ, ਗੋਬਰ ਅਤੇ ਗੋ-ਮੂਤਰ, ਕੁੱਝ ਮਿੱਟੀ ਅਤੇ ਗੁੜ ਆਦਿ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ ਜਿਸਦੀ ਵਰਤੋਂ ਸੂਖ਼ਮ ਜੀਵਾਂ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ।**

**ਦਸਪਰਨੀ 10 ਤਰ੍ਹਾ ਦੇ ਪੱਤਿਆਂ ਜਿਵੇਂ ਨਿੰਮ, ਪਪੀਤਾ, ਮਿਰਚ, ਤੰਬਾਕੂ ਆਦਿ ਨੂੰ ਗੋ ਮੂਤਰ ਵਿੱਚ ਖਮੀਰ ਉਠਾ ਕੇ ਤਿਆਰ ਕੀਤਾ ਜੈਵਿਕ ਕੀਟਨਾਸ਼ਕ ਹੈ।**

**ਬੀਜਅੰਮ੍ਰਿਤ ਪੌਦਿਆਂ, ਪਨੀਰੀ ਜਾਂ ਕਿਸੇ ਵੀ ਤਰ੍ਹਾ ਦੇ ਪੌਦੇ ਲਈ ਉਪਚਾਰ ਸਮੱਗਰੀ ਹੈ। ਇਸਨੂੰ ਜੀਵ ਅੰਮ੍ਰਿਤ ਦੀ ਤਰ੍ਹਾਂ ਹੀ ਬਣਾਇਆ ਜਾਂਦਾ ਹੈ।**

ਜੋ ਵੀ ਉਤਪਾਦਨ ਹੁੰਦਾ ਹੈ ਉਸਨੂੰ ਹਫ਼ਤੇ ਵਿੱਚ ਤਿੰਨ ਦਿਨ ਸਟਾਲ ਲਗਾ ਕੇ ਕੈਂਪਸ ਦੇ ਅੰਦਰ ਹੀ ਵੇਚ ਦਿੱਤਾ ਜਾਂਦਾ ਹੈ। ਇਸਦੇ ਨਾਲ ਹੀ ਉਹ ਇਹਨਾਂ ਤੋਂ ਤਿਆਰ ਹੋਰ ਉਤਪਾਦ ਜਿਵੇਂ ਆਚਾਰ ਅਤੇ ਕੈਂਪਸ ਦੇ ਪੁਰਾਣੇ ਰੁੱਖਾਂ ਤੋਂ ਪ੍ਰਾਪਤ ਫਲਾਂ ਤੋਂ ਕੈਂਡੀ ਬਣਾ ਕੇ ਵੇਚਦੇ ਹਨ ਤਾਂਕਿ ਘੱਟ ਉਪਜ ਵਾਲੇ ਦਿਨਾਂ ਵਿੱਚ ਵੀ ਠੀਕ-ਠਾਕ ਆਮਦਨੀ ਹੋ ਸਕੇ। ਵਰਤਮਾਨ ਵਿੱਚ, ਖੇਤ ਤੋਂ 25 ਤੋਂ 30 ਹਜਾਰ ਰੁਪਏ ਪ੍ਰਤਿ ਮਹੀਨਾ ਦੀ ਆਮਦਨ ਹੁੰਦੀ ਹੈ।

ਉਸਦੇ ਅਨੁਸਾਰ, ਖੇਤ ਨੇ ਹੁਣ ਇੱਕ ਸਮੁਦਾਇ ਤੋਂ ਸਹਿਯੋਗ ਪ੍ਰਾਪਤ ਸਥਾਨ ਦਾ ਰੂਪ ਲੈ ਲਿਆ ਹੈ ਜਿੱਥੇ ਲੋਕ ਆਪਣੀ ਇੱਛਾ ਨਾਲ ਆਪਣੇ ਛੋਟੇ ਬੱਚਿਆਂ ਨਾਲ ਸਵੈ-ਸੇਵਾ ਕਰਨ ਆਉਂਦੇ ਹਨ। ਸੰਸਥਾਨ ਨੇ ਵੀ ਇਸ ਜਗ੍ਹਾ ਦਾ ਇਸਤੇਮਾਲ ਜਾਗਰੂਕਤਾ ਸੈਸ਼ਨ ਆਯੋਜਿਤ ਕਰਨ ਅਤੇ ਆਪਣੇ ਪਹਿਲੇ ਸਾਲ ਵਿੱਚ ਵਿਦਿਆਰਥੀਆਂ ਲਈ ਸਮੁਦਾਇਕ-ਸੇਵਾ ਕਰਨ ਲਈ ਕਰਨਾ ਸ਼ੁਰੂ ਕੀਤਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਖੇਤ ਬਾਰੇ ਜਾਣਨ, ਉਹਨਾਂ ਦਾ ਭੋਜਨ ਕਿੱਥੋਂ ਆਉਂਦਾ ਹੈ ਇਸ ਬਾਰੇ ਜਾਣਨ ਅਤੇ ਕੁੱਝ ਤਾਜ਼ਾ ਭੋਜਨ ਦਾ ਸਵਾਦ ਮਾਣਨ ਦਾ ਵੀ ਮੌਕਾ ਮਿਲਿਆ ਹੈ।

**ਮਹਾਂਮਾਰੀ ਵਿੱਚੋਂ ਉਪਜਿਆ ਮੌਕਾ :** ਸ਼ਾਂਤੂ ਦੀ ਇਸ ਪਹਿਲ ਨੇ ਦੂਸਰੇ ਨਿਵਾਸੀਆਂ ਵਿਚਕਾਰ ਵੀ ਬਹੁਤ ਦਿਲਚਸਪੀ ਪੈਦਾ ਕਰ ਦਿੱਤੀ, ਜਿੰਨਾਂ ਵਿੱਚੋਂ ਕੁੱਝ ਨੇ ਘਰ ਵਿੱਚ ਖਾਦ ਬਣਾਉਣਾ ਅਤੇ ਕੁੱਝ ਫਲ-ਸਬਜ਼ੀਆਂ ਲਗਾਉਣਾ ਸ਼ੁਰੂ ਕਰ ਦਿੱਤਾ। ਹਾਲਾਂਕਿ, ਘਰ ਵਿੱਚ ਫਲ-ਸਬਜ਼ੀਆਂ ਉਗਾਉਣ ਦੇ ਅਸਲੀ ਮਹੱਤਵ ਉਸਨੇ ਕੋਰੋਨਾ ਮਹਾਂਮਾਰੀ ਦੌਰਾਨ ਲਾਕਡਾਊਨਨ ਦੌਰਾਨ ਮਹਿਸੂਸ ਕੀਤਾ।

'ਜਦ ਮੈਂ ਉਗਾਉਣਾ ਸ਼ੁਰੂ ਕੀਤਾ ਤਾਂ ਮੇਰੀ ਇੱਕ ਦੋਸਤ ਨੇ ਮੈਨੂੰ ਖਾਦ ਬਣਾਉਣ ਦਾ ਤਰੀਕਾ, ਕਿਵੇਂ ਪੌਦੇ ਲਗਾਉਣੇ ਹਨ ਅਤੇ ਕਿੱਥੋਂ ਵਧੀਆ ਬੀਜ ਮਿਲਣਗੇ, ਆਦਿ ਬਾਰੇ ਪੁੱਛਿਆ। ਮੇਰੇ ਕੁੱਝ ਦੋਸਤਾਂ ਨੇ ਕੁੱਝ ਵੇਲ ਵਾਲੀਆਂ ਸਬਜ਼ੀਆਂ ਜਿਵੇਂ ਲੌਕੀ, ਤੋਰੀ ਅਤੇ ਕੁੱਝ ਹੋਰ ਸਬਜ਼ੀਆਂ ਉਗਾਉਣੀਆਂ ਸ਼ੁਰੂ ਕੀਤੀਆਂ। ਉਹਨਾਂ ਨੇ ਆਪਣੀ ਰਸੋਈ ਦੀ ਰਹਿੰਦ-ਖੂੰਹਦ ਤੋਂ ਖਾਦ ਵੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾ, ਕੈਂਪਸ ਵਿੱਚ 90 ਛੋਟੇ ਕਿਚਨ ਗਾਰਡਨ ਤਿਆਰ ਹੋ ਗਏ। ਲਾਕਡਾਊਨ ਦੌਰਾਨ, ਅਸੀਂ ਬੀਜ ਅਤੇ ਖਾਦ ਵੰਡੀ ਅਤੇ ਜ਼ਮੀਨ ਦੇ ਹਰ ਹਿੱਸੇ ਉੱਪਰ ਕੁੱਝ ਨਾ ਕੁੱਝ ਉੱਗ ਰਿਹਾ ਸੀ ਅਤੇ ਕੋਈ ਨਾ ਕੋਈ ਉਸਦੀ ਦੇਖਭਾਲ ਕਰ ਰਿਹਾ ਸੀ। ਮੇਰੇ ਕੋਲ ਉਸ ਸਮੇਂ ਕੋਈ ਸਹਾਇਕ ਨਹੀਂ ਸਨ ਅਤੇ ਉਸ ਸਮੇਂ ਬਹੁਤ ਸਾਰੇ ਲੋਕ ਸਵੈਸੇਵਕ ਦੇ ਰੂਪ ਵਿੱਚ ਮੇਰੇ ਕੋਲ ਆਏ। ਯਤਨਾਂ ਦੀ ਕਾਫੀ ਪ੍ਰਸ਼ੰਸਾ ਕੀਤੀ ਗਈ ਕਿਉਂਕਿ ਜਿੱਥੋਂ ਤੱਕ ਸਬਜ਼ੀਆਂ ਦਾ ਸਵਾਲ ਸੀ, ਸਾਡਾ ਟੀਚਾ ਉਸ ਵਿੱਚ ਆਤਮ-ਨਿਰਭਰ ਬਣਨਾ ਸੀ। ਸਭ ਨੇ ਇਕੱਠੇ ਮਿਲ ਕੇ ਕੰਮ ਕੀਤਾ ਅਤੇ ਕੁੱਝ ਨਾ ਕੁੱਝ ਉਗਾਉਣਾ ਸਿੱਖਿਆ।

ਕੈਂਪਸ ਵਿੱਚ ਬਹੁਤ ਸਾਰੀਆਂ ਥਾਵਾਂ ਅਜਿਹੀਆਂ ਹਨ ਜਿੱਥੇ ਖਾਣ ਲਈ ਕੁੱਝ ਉਗਾਇਆ ਜਾ ਰਿਹਾ ਹੈ ਅਤੇ ਇਹ ਉਪਜ ਉਹਨਾਂ ਥਾਵਾਂ ਉੱਪਰ ਕੰਮ ਕਰ ਰਹੇ ਸਵੈਸੇਵਕਾਂ ਵਿਚਕਾਰ ਵੰਡ ਦਿੱਤੀ ਜਾਂਦੀ ਹੈ। ਸਮੁਦਾਇ ਵਿੱਚ ਮੌਸਮ ਅਨੁਸਾਰ ਖਾਣ ਦੀ ਸਮਝ ਖੇਤ ਉੱਪਰ ਸਿੱਧੇ ਕੰਮ ਕਰਨ ਦੇ ਤਜ਼ਰਬੇ ਕਰਕੇ ਅਤੇ ਖੇਤ ਨਾਲ ਸੰਪਰਕ ਕਰਕੇ ਹੀ ਪੈਦਾ ਹੋਈ ਹੈ।

**ਸਮੁਦਾਇ ਵਿੱਚ ਮੌਸਮ ਅਨੁਸਾਰ ਫਲ-ਸਬਜ਼ੀਆਂ ਖਾਣ ਦੀ ਸਮਝ ਅਤੇ ਪ੍ਰਸ਼ੰਸਾ ਖੇਤ ਨਾਲ ਸਿੱਧੇ ਸੰਪਰਕ ਅਤੇ ਕੰਮ ਦੇ ਤਜ਼ਰਬੇ ਕਰਕੇ ਵਧੀ ਹੈ।**

**ਹਰ ਰੋਜ਼ ਕੁੱਝ ਨਾ ਕੁੱਝ ਸਿੱਖਣਾ :** ਇਸ ਸਾਰੀ ਯਾਤਰਾ ਦੌਰਾਨ ਕਈ ਸਾਰੀਆਂ ਚੁਣੌਤੀਆਂ ਸਾਹਮਣੇ ਆਈਆਂ ਖ਼ਾਸ ਕਰਕੇ ਬਾਂਦਰਾਂ , ਜੰਗਲੀ ਸੂਅਰਾਂ ਅਤੇ ਚੂਹਿਆਂ ਕਰਕੇ ਜੋ ਕਿ ਫਸਲ ਨੂੰ ਖਰਾਬ ਕਰ ਰਹੇ ਸਨ ਪ੍ਰੰਤੂ ਸ਼ਾਂਤੂ ਅਤੇ ਉਸਦੀ ਟੀਮ ਨੇ ਖਾਈਆਂ ਪੁੱਟ ਕੇ ਅਤੇ ਆਪਣੇ ਖੇਤ ਦੀ ਨਿਗਰਾਨੀ ਕਰਕੇ ਇਸ ਨੂੰ ਹੱਲ ਕਰਨ ਦਾ ਰਸਤਾ ਲੱਭ ਲਿਆ। 'ਇਹ ਜ਼ਮੀਨ ਪਹਿਲਾਂ ਜੰਗਲਾਤ ਵਿਭਾਗ ਦੀ ਸੀ, ਇਸਲਈ ਮੈਨੂੰ ਲੱਗਦਾ ਹੈ ਕਿ ਇਹਨਾਂ ਜਾਨਵਰਾਂ ਦਾ ਵੀ ਇਸ ਉਪਜ ਵਿੱਚ ਹਿੱਸਾ ਬਣਦਾ ਹੈ। ' ਟਮਾਟਰਾਂ ਦੀ ਪਾਰਟੀ ਕਰਦੇ ਲੰਗੂਰ ਨੂੰ ਭਜਾਉਂਦਿਆਂ ਹੱਸਦੇ ਹੋਏ ਸ਼ਾਂਤੂ ਦੱਸਦੀ ਹੈ।ਉਹ ਅੱਗੇ ਦੱਸਦੀ ਹੈ, 'ਹਰ ਰੋਜ਼, ਮੈਂ ਖੇਤ ਉੱਪਰ ਕੁੱਝ ਨਾ ਕੁੱਝ ਨਵਾਂ ਲੱਭਦੀ ਹਾਂ, ਸਿੱਖਦੀ ਹਾਂ ਚਾਹੇ ਉਹ ਕੀੜਾ ਹੋਵੇ, ਫਲ ਹੋਣ ਜਾਂ ਫੁੱਲ ਹੋਣ.....ਮੈਨੂੰ ਲੱਗਦਾ ਹੈ ਖੇਤੀ ਨਿਰੀਖਣ ਅਤੇ ਧੀਰਜ ਬਾਰੇ ਹੈ । ਸ਼ਾਂਤੂ ਦੀ ਯੋਜਨਾ ਇਸ ਖੇਤ ਨੂੰ ਹੋਰ ਵਧਾਉਣ ਦੀ ਹੈ ਅਤੇ ਆਈ ਆਈ ਟੀ ਗਾਂਧੀਨਗਰ ਦੀ ਵਿਦਿਆਥੀਆਂ ਦੀ ਮੈੱਸ ਨੂੰ ਤਾਜ਼ਾ ਫਲ-ਸਬਜ਼ੀਆਂ ਉਪਲਬਧ ਕਰਵਾ ਸਕੇ।

**ਖੇਤ ਉੱਪਰ ਆਪਸੀ-ਨਿਰਭਰਤਾ ਦਾ ਅਨੁਭਵ ਕਰਨਾ :** ਅਜਿਹਾ ਸੰਪੰਨ ਪਰਿਸਥਿਤਕ ਤੰਤਰ ਜੀਵੰਤ ਕਲਾਸਾਂ ਦਾ ਹਿੱਸਾ ਹੋ ਸਕਦੇ ਹਨਜੋ ਵਿਵਸਥਿਤ ਸੋਚ ਲਈ ਮੁੱਲਵਾਨ ਸਬਕਾਂ ਦੇ ਨਾਲ-ਨਾਲ ਸ਼ਰੀਰ ਲਈ ਪੌਸ਼ਟਿਕ ਭੋਜਨ ਵੀ ਪ੍ਰਦਾਨ ਕਰਦਾ ਹੈ।ਫਲਾਂ-ਸਬਜ਼ੀਆਂ ਦੇ ਇਹ ਬਗੀਚੇ ਜੈਵ-ਵਿਭਿੰਨਤਾ ਦਾ ਕੇਂਦਰ ਹਨ ਅਤੇ ਪਰਾਗ ਕਰਨ ਵਾਲਿਆਂ, ਕੀਟ-ਬਿਕਾਰੀ ਦੇ ਰਿਸ਼ਤੇ, ਮਿੱਟੀ ਦਾ ਪਰਿਸਥਿਤਕ ਤੰਤਰ ਅਤੇ ਜੜ੍ਹਾਂ ਦੇ ਸੂਖ਼ਮ ਜੀਵਾਣੂਆਂ ਅਤੇ ਪੌਦਿਆਂ ਦੀ ਸਿਹਤ ਦੀ ਆਪਸੀ ਨਿਰਭਰਤਾ ਆਦਿ ਦੀ ਇੱਕ ਅਨੁਭਵੀ ਸਮਝ ਪ੍ਰਦਾਨ ਕਰਦੇ ਹਨ।ਗੱਲਾਂ ਕਰਦਿਆਂ ਸ਼ਾਂਤੂ ਨੇ ਇੱਕ ਬੰਦ ਗੋਭੀ ਪੁੱਟ ਲਈ ਅਤੇ ਉਸਦੀਆਂ ਮਜਬੂਤ ਜੜ੍ਹਾਂ ਦਿਖਾਉਂਦਿਆਂ ਕਿਹਾ ਕਿ ਸੁਆਦ ਅਤੇ ਸਿਹਤ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਅੱਗੇ ਉਹ ਦੱਸਦੀ ਹੈ ਕਿ ਇਹਨਾਂ ਸਬਜ਼ੀਆਂ ਨੂੰ ਖਾਣਾ ਉਸਨੂੰ ਆਪਣੇ ਬਚਪਨ ਦੇ ਦਿਨਾਂ ਦੀ ਯਾਦ ਦਿਵਾਉਂਦਾ ਹੈ ਜਦੋਂ ਸਭ ਕੁੱਝ ਜੈਵਿਕ ਤਰੀਕੇ ਨਾਲ ਉਗਾਇਆ ਜਾਂਦਾ ਸੀ।

ਤੁਹਾਨੂੰ ਹੁਣ ਉਹ ਸੁਆਦ ਬਾਜ਼ਾਰ ਵਿੱਚ ਮਿਲਣ ਵਾਲੀਆਂ ਸਬਜ਼ੀਆਂ ਵਿੱਚੋਂ ਨਹੀਂ ਮਿਲੇਗਾ। ਮੈਂ ਚਾਹੁੰਦੀ ਹਾਂ ਕਿ ਮੇਰੇ ਬੱਚੇ ਇਸ ਸੁਆਦ ਦਾ ਅਨੁਭਵ ਲੈਣ ਅਤੇ ਇਸ ਨੂੰ ਯਾਦ ਰੱਖਣ। ਕੈਂਪਸ ਦੇ ਬਹੁਤ ਸਾਰੇ ਬੱਚੇ ਨਿਯਮਿਤ ਤੌਰ 'ਤੇ ਖੇਤ ਉੱਪਰ ਆਉਂਦੇ ਹਨ ਅਤੇ ਸ਼ਾਂਤੂ ਦੇ ਅਨੁਸਾਰ ਹੁਣ ਉਹ ਭੋਜਨ ਨੂੰ ਉਗਾਉਣ ਵਿੱਚ ਲੱਗੇ ਸਮੇਂ ਅਤੇ ਮਿਹਨਤ ਨੂੰ ਦੇਖ-ਸਮਝ ਕੇ ਭੋਜਨ ਦੀ ਬਰਬਾਦੀ ਨਾ ਕਰਨ ਬਾਰੇ ਸੁਚੇਤ ਹੋ ਗਏ ਹਨ। ਇਸਦੇ ਨਾਲ ਹੀ ਉਹ ਖੇਤ ਉੱਪਰ ਉਗਾਈ ਹਰ ਚੀਜ਼ ਦਾ ਸੁਆਦ ਲੈਣ ਲਈ ਉਤਸਕ ਹਨ ਇਸ ਲਈ ਕਦੇ-ਕਦਾਈਂ ਖਾਣਾ ਪਕਾਉਣ ਦੇ ਸੈਸ਼ਨ ਵੀ ਰੱਖ ਲਏ ਜਾਂਦੇ ਹਨ।

**ਇਸੇ ਤਰ੍ਹਾ ਦੇ ਹੋਰ ਉੱਦਮ ਸ਼ੁਰੂ ਕਰਨ ਲਈ ਸਬਕ ਲੈਣਾ :** ਆਈ ਆਈ ਟੀ ਗਾਂਧੀਨਗਰ ਜੈਵਿਕ ਖੇਤ ਸ਼ਹਿਰੀ ਅਤੇ ਪੇਰੀ-ਸ਼ਹਿਰੀ ਸਥਾਨਾਂ ਵਿੱਚ ਸਮੁਦਾਇ ਸੰਚਾਲਿਤ ਅਤੇ ਸਥਾਨਕ ਸਹਿਯੋਗ ਪ੍ਰਾਪਤ ਖੇਤੀ ਦੀਆਂ ਸੰਭਾਵਨਾਵਾਂ ਦਾ ਇੱਕ ਪ੍ਰਮਾਣ ਹੈ।ਸੁਰੱਖਿਅਤ ਸਥਾਨ, ਪਾਣੀ ਤੱਕ ਪਹੁੰਚ ਅਤੇ ਇੱਕ ਤਿਆਰ ਗ੍ਰਾਹਕ ਆਧਾਰ ਦੀ ਉਪਲਬਧਤਾ ਦੇ ਕਾਰਨ ਸਿੱਖਿਅਕ ਅਦਾਰੇ ਖਾਧ ਬਗੀਚਿਆਂ ਨੂੰ ਵਿਕਸਿਤ ਕਰਨ ਲਈ ਆਉਟਰੀਚ ਹੱਬ ਅਤੇ ਪ੍ਰਯੋਗਿਕ ਸਥਾਨਾਂ ਦੇ ਰੂਪ ਵਿੱਚ ਕੰਮ ਕਰਨ ਲਈ ਵਿਸ਼ੇਸ਼ ਰੂਪ ਤੋਂ ਅਨੁਕੂਲ ਹਨ। ਇਹ ਜ਼ਮੀਨ ਪ੍ਰਤਿ ਮੋਹ ਪੈਦਾ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ ਅਤੇ ਇਸਦੇ ਨਾਲ ਹੀ ਲੋਕਾਂ ਨੂੰ ਉਹਨਾਂ ਦੇ ਤਤਕਾਲ ਵਾਤਾਵਰਣ ਵਿੱਚ ਭੋਜਨ ਉਗਾਉਣ ਦੇ ਹੁਨਰ ਨੂੰ ਵਿਕਸਿਤ ਕਰਨ ਵਿੱਚ ਮੱਦਦ ਕਰ ਸਕਦਾ ਹੈ। ਖੇਤ ਦੀ ਜਗ੍ਹਾ ਖੁਦ ਵਿੱਚ ਹੀ ਜੈਵ ਵਿਭਿੰਨਤਾ ਦਾ ਕੇਂਦਰ ਬਿੰਦੂ ਬਣ ਸਕਦੀ ਹੈ ਅਤੇ ਵੱਡੇ ਪਰਿਸਥਿਤਕ ਤੰਤਰ ਦੀ ਭਲਾਈ ਵਿੱਚ ਯੋਗਦਾਨ ਪਾ ਸਕਦੀ ਹੈ। ਸ਼ਾਂਤੂ ਦੇ ਅਨੁਭਵ ਨੂੰ ਸੁਣਦਿਆਂ, ਸਾਨੂੰ ਹੇਠ ਲਿਖੇ ਬਿੰਦੂ ਮਿਲੇ ਜੋ ਵਿਚਾਰ ਕਰਨ ਯੋਗ ਹਨ :-

- **ਪ੍ਰਸ਼ਾਸਨਿਕ ਸਹਿਯੋਗ ਦੀ ਲੋੜ –** ਅਜਿਹੇ ਵਿਚਾਰ ਨੂੰ ਸੰਸਥਾਗਤ ਅਧਿਕਾਰੀਆਂ ਦੇ ਸਪੱਸ਼ਟ ਸਹਿਯੋਗ ਦੀ ਲੋੜ ਸੀ। ਇੱਕ ਵਾਰ ਸਹਿਯੋਗ ਮਿਲਣ ਤੋਂ ਬਾਅਦ, ਇਸ ਤਰ੍ਹਾ ਦੀ ਜਗ੍ਹਾ ਨਿਰਮਾਣ ਲਈ ਪ੍ਰਾਰੰਭਿਕ ਧਨ ਜੁਟਾਉਣ ਅਤੇ ਪ੍ਰਸ਼ਾਸਨਿਕ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਅਧਿਕਾਰੀਆਂ ਨੇ ਮੱਦਦ ਕੀਤੀ।

- **ਛੋਟੇ ਤੋਂ ਸ਼ੁਰੂਆਤ ਕਰਨੀ ਅਤੇ ਨਤੀਜਿਆਂ ਉੱਪਰ ਇਮਾਰਤ ਖੜ੍ਹੀ ਕਰਨੀ –** ਇੱਕ ਛੋਟੀ ਜਗ੍ਹਾ ਤੋਂ ਸ਼ੁਰੂਆਤ ਕਰਕੇ ਉਸਨੂੰ ਉਪਜ ਅਤੇ ਲਾਭ ਦੇ ਰੂਪ ਵਿੱਚ ਕੁੱਝ ਸ਼ੁਰੂਆਤੀ ਠੋਸ ਨਤੀਜੇ ਦਿਖਾਉਣ ਦਾ ਮੌਕਾ ਮਿਲਿਆ ਅਤੇ ਨਾਲ ਹੀ ਇਸਨੂੰ ਅੱਗੇ ਵਧਾਉਣ ਲਈ ਲੋੜੀਂਦੇ ਕੌਸ਼ਲ ਦਾ ਨਿਰਮਾਣ ਹੋਇਆ। ਜੇਕਰ ਸ਼ੁਰੂ ਵਿੱਚ ਹੀ ਘੱਟ ਸਾਧਨਾਂ ਨਾਲ ਵੱਡੀ ਜਗ੍ਹਾਂ ਉੱਪਰ ਇਹ ਕੰਮ ਸ਼ੁਰੂ ਕੀਤਾ ਹੁੰਦਾ ਤਾਂ ਉਸਦੇ ਲਈ ਬਹੁਤ ਮੁਸ਼ਕਿਲ ਹੋ ਜਾਣਾ ਸੀ ਅਤੇ ਕੈਂਪਸ ਦੇ ਲੋਕਾਂ ਲਈ ਇੱਕ ਮੁਸ਼ਕਿਲ ਵਿਚਾਰ ਬਣ ਕੇ ਰਹਿ ਜਾਣਾ ਸੀ।

- **ਆਰਥਿਕਤਾ ਦੀ ਯੋਜਨਾਬੰਦੀ –** ਸਥਾਨਕ ਗ੍ਰਾਹਕਾਂ ਦੀ ਪਸੰਦ ਨੂੰ ਧਿਆਨ ਵਿੱਚ ਰੱਖਦਿਆਂ ਉਪਜ ਨੂੰ ਉਚਿਤ ਮੁੱਲ ਉੱਪਰ ਵੇਚਣ ਨੇ ਖੇਤ ਦੀ ਲਾਗਤ ਕੱਢਣ ਵਿੱਚ ਮੱਦਦ ਕੀਤੀ। ਸਹਾਇਕਾਂ ਦੀ ਤਨਖ਼ਾਹ ਜੋ ਕਿ ਕੇਂਦਰ ਸਰਕਾਰ ਦੇ ਸਕੇਲ ਅਨੁਸਾਰ ਦਿੱਤੀ ਜਾਂਦੀ ਹੈ, ਨੂੰ ਛੱਡ ਕੇ ਖੇਤ ਪ੍ਰਬੰਧਨ ਦੀ ਸਾਰੀ ਲਾਗਤ ਉਪਜ ਨੂੰ ਵੇਚ ਕੇ ਕੱਢੀ ਜਾਂਦੀ ਹੈ।

- **ਪ੍ਰਯੋਗ ਦੇ ਲਈ ਕੁੱਝ ਜਗ੍ਹਾ ਬਣਾਉਣਾ –** ਹਰ ਸਾਲ, ਨਵੀਆਂ ਫਸਲਾਂ, ਤਰੀਕਿਆਂ ਵਿੱਚ ਵਿਭਿੰਨਤਾ, ਖੇਤੀ ਇਨਪੁਟ ਆਦਿ ਨੇ ਉਸਦੀ ਨਵਾਂ ਗਿਆਨ ਪ੍ਰਾਪਤ ਕਰਨ ਵਿੱਚ ਮੱਦਦ ਕੀਤੀ ਅਤੇ


ਉਸਨੇ ਇਸ ਗਿਆਨ ਨੂੰ ਸਥਾਨਕ ਜਲਵਾਯੂ, ਸਥਾਨਕ ਭੂਗੋਲਿਕ ਸਥਿਤੀਆਂ ਅਨੁਸਾਰ ਬਦਲ ਕੇ ਲਾਗੂ ਕੀਤਾ ਅਤੇ ਵਪਾਰ ਸਥਿਰਤਾ ਲਈ ਲੋੜੀਂਦੀ ਵਿਕਰੀ ਦਾ ਟੀਚਾ ਵੀ ਪ੍ਰਾਪਤ ਕੀਤਾ।

- ਸਮੂਹਿਕ ਮਾਲਕੀ ਬਣਾਉਣਾ –ਸਵੈਸੇਵਾ ਲਈ ਸੱਦਾ ਦੇਣ ਕਾਰਨ ਕੈਂਪਸ ਦੇ ਨਿਵਾਸੀਆਂ ਨੂੰ ਜਗ੍ਹਾ ਨਾਲ ਜੁੜਨ ਦਾ ਮੌਕਾ ਮਿਲਿਆ ਅਤੇ ਇਸ ਉੱਦਮ ਵਿੱਚ ਉਹਨਾਂ ਨੇ ਕਈ ਤਰੀਕਿਆਂ ਨਾਲ ਸਹਿਯੋਗ ਕੀਤਾ। ਕੈਂਪਸ ਦੇ ਵਸਨੀਕ ਖਾਲੀ ਸਿਰਫ ਗ੍ਰਾਹਕ ਨਹੀ ਸਨ ਬਲਕਿ ਉਪਜ ਦੀ ਵਿਕਰੀ ਵਿੱਚ ਮੱਦਦ ਦੁਆਰਾ, ਫੀਡਬੈਕ ਦੇਣਾ, ਹੋਰ ਰਾਜਾਂ ਤੋਂ ਬੀਜ ਲਿਆ ਕੇ ਦੇਣਾ, ਖੇਤ ਦੇ ਹੋਰ ਛੋਟੇ-ਛੋਟੇ ਕੰਮਾਂ ਵਿੱਚ ਹਿੱਸਾ ਲੈਣਾ ਆਦਿ ਰਾਹੀ ਇਸ ਉੱਦਮ ਵਿੱਚ ਉਹਨਾਂ ਦੀ ਹਿੱਸੇਦਾਰੀ ਸੀ ।
- ਲਗਾਤਾਰ ਸਿੱਖਣਾ ਅਤੇ ਫੀਡਬੈਕ – ਖੇਤ ਦਾ ਵਿਕਾਸ ਪੌਦਿਆਂ ਅਤੇ ਪੌਦਿਆਂ ਦੇ ਵਾਧੇ ਵਿੱਚ ਯੋਗਦਾਨ ਪਾਉਣ ਵਾਲੀਆਂ ਸਥਿਤੀਆਂ ਦੇ ਨਜ਼ਦੀਕੀ ਨਿਰੀਖਣ ਦੁਆਰਾ ਸਿੱਖਣ ਅਤੇ ਫੀਡਬੈਕ ਦੇ ਲਗਾਤਾਰ ਚੱਲਦੇ ਚੱਕਰ ਦਾ ਨਤੀਜਾ ਹੈ।ਇਹ ਸਮਝਣਾ ਕਿ ਇਹ ਇੱਕ ਨਿਰੰਤਰ ਪ੍ਰਕਿਆ ਹੈ, ਅਜਿਹੀਆਂ ਪਹਿਲਕਦਮੀਆਂ ਨੂੰ ਕਾਇਮ ਰੱਖਣ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

ਅਜਿਹੇ ਸਮੁਦਾਇਕ ਸ਼ਹਿਰੀ ਖੇਤ ਬਹੁਤ ਸਾਰੇ ਉਦੇਸ਼ ਪੂਰੇ ਕਰਦੇ ਹਨ– ਇਹ ਤਾਜ਼ੇ ਭੋਜਨ ਤੱਕ ਲੋਕਾਂ ਦੀ ਪਹੁੰਚ ਬਣਾਉਂਦੇ ਹਨ ਅਤੇ ਬੱਚਿਆਂ ਅਤੇ ਵੱਡਿਆਂ ਨੂੰ ਮਿੱਟੀ ਵਿੱਚ ਹੱਥ ਅਜ਼ਮਾਉਣ ਦਾ ਮੌਕਾ ਦਿੰਦੇ ਹਨ ਅਤੇ ਇਸਦੇ ਨਾਲ ਹੀ ਕੁਦਰਤ ਦੇ ਨਾਜ਼ੁਕ ਸੰਤੁਲਨ ਨੂੰ ਸਮਝਣ ਦਾ ਵੀ ਮੌਕਾ ਉਪਲਬਧ ਕਰਵਾਉਂਦੇ ਹਨ। ਇਸਦੇ ਨਾਲ ਹੀ ਬੀਜ ਤੋਂ ਖੇਤ ਅਤੇ ਖੇਤ ਤੋਂ ਮੇਜ਼ – ਭੋਜਨ ਸਾਡੇ ਤੱਕ ਕਿਵੇ ਪਹੁੰਚਦਾ ਹੈ, ਇਹ ਜ਼ਰੂਰੀ ਗਿਆਨ ਉਹਨਾਂ ਨੂੰ ਮਿਲਦਾ ਹੈ। ਇਸਦੇ ਨਾਲ ਹੀ ਓਹਨਾਂ ਨੂੰ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਕਿਸ ਤਰ੍ਹਾਂ ਇੱਕ ਹੀ ਜਗ੍ਹਾਂ ਕੁਦਰਤੀ ਵਿਗਿਆਨ, ਸਮਾਜਿਕ ਵਿਗਿਆਨ, ਅਰਥ ਸ਼ਾਸਤਰ ਅਤੇ ਵਪਾਰ ਕਿਵੇਂ ਇੱਕ ਥਾਂ ਮਿਲ ਜਾਂਦੇ ਹਨ। ਇਸ ਤਰ੍ਹਾਂ, ਸ਼ਹਿਰੀ ਖੇਤਾਂ ਨੂੰ ਸਾਡੇ ਸਮੁਦਾਇਕ ਸਥਾਨਾਂ ਦਾ ਹਿੱਸਾ ਬਣਾਉਣਾ ਅਤੇ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੇ ਰਾਹ ਲੱਭਣਾ ਬਹੁਤ ਹੀ ਫਾਇਦੇਮੰਦ ਸਾਬਤ ਹੋ ਸਕਦਾ ਹੈ।

**ਮਾਨਤਾ**

ਲੇਖਕ ਡਾ. ਸਰਮਿਸ਼ਠਾ ਮਜੂਮਦਾਰ ਅਤੇ ਡਾ. ਅਨਿਰਬਨ ਦਾਸਗੁਪਤਾ ਦੇ ਧੰਨਵਾਦੀ ਹਨ ਜਿੰਨਾਂ ਨੇ ਉਹਨਾਂ ਨੂੰ ਆਈ ਆਈ ਟੀ ਗਾਂਧੀਨਗਰ ਨਾਲ ਸੰਪਰਕ ਕਰਨ ਵਿੱਚ ਮੱਦਦ ਕੀਤੀ।



# www.leisaindia.org



ਸ਼ਾਨੂੰ ਦਾ ਇਹ ਖੇਤ ਇੱਕ ਟਿਕਾਊ ਮਾਡਲ ਹੈ ਜਿੱਥੇ ਖੇਤ ਵਿੱਚ ਇਸਤੇਮਾਲ ਹੋਣ ਵਾਲੇ ਜ਼ਿਆਦਾਤਰ ਇਨਪੁਟ ਖੇਤ ਉੱਪਰ ਹੀ ਤਿਆਰ ਕੀਤੇ ਜਾਂਦੇ ਹਨ।


**ਦੇਬੋਰਾ ਦੱਤਾ**
ਸੀਨੀਅਰ ਰਿਸਰਚ ਫੈਲੋ
ਲਿਵਿੰਗ ਫਾਰਮ ਇਨਕਮ ਪ੍ਰੋਜੈਕਟ
ਇੰਸਟੀਚਿਊਟ ਆਫ ਰੂਰਲ ਮੈਨੇਜਮੈਂਟ,
ਆਨੰਦ – 388001
ਗੁਜਰਾਤ, ਭਾਰਤ
ਈਮੇਲ :- deborah@irma.ac.in

**ਅੰਮ੍ਰਿਤਾ ਬੀ ਹਾਜਰਾ**
ਸਹਾਇਕ ਪ੍ਰੋਫੈਸਰ
ਰਸਾਇਣ ਵਿਗਿਆਨ ਵਿਭਾਗ, ਜੀਵ ਵਿਗਿਆਨ ਸੰਬੰਧੀ ਫੈਕਲਟੀ,
ਜਲ ਅਨੁਸੰਧਾਨ ਕੇਂਦਰ ਭਾਰਤੀ ਵਿਗਿਆਨ ਸਿੱਖਿਆ ਅਤੇ ਖੋਜ ਸੰਸਥਾਨ
ਪੁਣੇ –411008, ਮਹਾਂਰਾਸ਼ਟਰ, ਭਾਰਤ
ਈਮੇਲ :- amrita@iiserpune.ac.in



**Homegrown harvests**
***Bringing food security to an educational campus***
**LEISA INDIA, March 2022**



**Follow us on: www.facebook.com/Leisaindiamag @LeisaIndia**